Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 113 | Thursday, June 09, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਟਰੂਡੋ ਅਤੇ ਅਨੀਤਾ ਆਨੰਦ ਨੇ ਨੋਰਾਡ ਕਮਾਂਡਰਜ਼ ਨਾਲ ਕੀਤੀ ਮੁਲਾਕਾਤ



ਲਾਸ ਏਂਜਲਸ, 8 ਜੂਨ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਰੱਖਿਆ ਮੰਤਰੀ ਅਨੀਤਾ ਆਨੰਦ ਨੂੰ ਮੰਗਲਵਾਰ ਨੂੰ ਨੌਰਥ ਅਮਰੀਕਾ ਦੇ ਫਰਸਟ ਲਾਈਨ ਕੌਂਟੀਨੈਂਟਲ ਡਿਫੈਂਸ ਨੂੰ ਵੇਖਣ, ਸਿਸਟਮ ਮਾਹਿਰਾਂ ਨਾਲ ਮੁਲਾਕਾਤ ਕਰਨ ਦਾ ਮੌਕਾ ਮਿਲਿਆ। ਸਿਆਸੀ ਆਗੂਆਂ ਨੇ ਇਸ ਗੱਲ ਉੱਤੇ ਸਹਿਮਤੀ ਪ੍ਰਗਟਾਈ ਕਿ ਇਸ ਨੂੰ ਫੌਰੀ ਅਪਗ੍ਰੇਡ ਕੀਤੇ ਜਾਣ ਦੀ ਲੋੜ ਹੈ।

ਪਰ ਜਿਵੇਂ ਹੀ ਟਰੂਡੋ ਤੇ ਆਨੰਦ ਨੇ ਆਪਣਾ ਇਹ ਦੌਰਾ ਖ਼ਤਮ ਕੀਤਾ, ਦੋਵਾਂ ਵਿੱਚੋਂ ਕੋਈ ਵੀ ਇਹ ਜਾਣਕਾਰੀ ਨਹੀਂ ਦੇ ਸਕਿਆ ਕਿ ਇਨ੍ਹਾਂ ਪਲੈਨਜ਼ ਦੇ ਵੇਰਵੇ ਕਦੋਂ ਸਾਹਮਣੇ ਆਉਣਗੇ। ਆਨੰਦ ਨੇ ਆਖਿਆ ਕਿ ਇਸ ਸਮੇਂ ਸਾਡੇ ਕੋਲ ਅਮਰੀਕਾ ਨਾਲ ਕਈ ਪਹਿਲਕਦਮੀਆਂ ਮੌਜੂਦ ਹਨ। ਉਨ੍ਹਾਂ ਆਖਿਆ ਕਿ ਅਸੀਂ ਜਲਦ ਹੀ ਨੋਰਾਡ ਦੇ ਆਧੁਨਿਕੀਕਰਨ ਦੀ ਯੋਜਨਾ ਪੇਸ਼ ਕਰਾਂਗੇ।

ਇਸ ਦੌਰਾਨ ਨੋਰਾਡ ਦੇ ਅਮਰੀਕੀ ਤੇ ਕੈਨੇਡੀਅਨ ਕਮਾਂਡਰਜ਼ ਨਾਲ ਘਿਰੇ ਹੋਏ ਟਰੂਡੋ ਤੇ ਆਨੰਦ ਨੇ ਅਮਰੀਕਾ ਦੇ ਰੱਖਿਆ ਮੰਤਰੀ ਲੌਇਡ ਆਸਟਿਨ ਨਾਲ ਕਈ ਤਰ੍ਹਾਂ ਦੀਆਂ ਵਸਤਾਂ ਦਾ ਲੈਣ ਦੇਣ ਕੀਤਾ। ਇਸ ਮੌਕੇ ਅਮਰੀਕੀ ਏਅਰ ਫੋਰਸ ਦੇ ਜਨਰਲ ਗਲੈਨ ਵੈਨਹਰਕ, ਜੋ ਕਿ ਨੋਰਾਡ ਤੇ ਅਮਰੀਕਾ ਦੀ ਨੌਰਦਰਨ ਕਮਾਂਡ ਦੇ ਜੁਆਇੰਟ ਕਮਾਂਡਰ ਹਨ, ਨੇ ਇਸ ਮਿਸ਼ਨ ਦੀ ਅਹਿਮੀਅਤ ਦੱਸਦਿਆਂ ਹੋਇਆਂ ਮੀਟਿੰਗ ਦੀ ਸ਼ੁਰੂਆਤ ਕੀਤੀ।

ਵੈਨਹਰਕ ਨੇ ਇਸ ਮਿਸ਼ਨ ਦੀ ਤਫਸੀਲ ਨਾਲ ਜਾਣਕਾਰੀ ਦਿੱਤੀ। ਇਸ ਤੋਂ ਬਾਅਦ ਟਰੂਡੋ ਨੇ ਆਖਿਆ ਕਿ ਅਸੀਂ ਅਜਿਹੇ ਸਮਿਆਂ ਵਿੱਚ ਰਹਿ ਰਹੇ ਹਾਂ ਜਿੱਥੇ ਦੁਨੀਆਂ ਬੜੀ ਤੇਜ਼ੀ ਨਾਲ ਬਦਲ ਰਹੀ ਹੈ। ਟਰੂਡੋ ਇੱਥੇ ਵਲਾਦੀਮੀਰ ਪੂਤਿਨ ਵੱਲੋਂ ਯੂਕਰੇਨ ਉੱਤੇ ਬੋਲੇ ਗਏ ਧਾਵੇ ਦੇ ਨਾਲ ਨਾਲ ਰੂਸ ਤੇ ਚੀਨ ਵਿੱਚ ਤਿਆਰ ਕੀਤੇ ਜਾ ਰਹੇ ਹਾਈਪਰਸੌਨਿਕ ਲਾਂਗ ਰੇਂਜ ਹਥਿਆਰਾਂ ਦੀ ਗੱਲ ਕਰ ਰਹੇ ਸਨ। ਉਨ੍ਹਾਂ ਆਖਿਆ ਕਿ ਅਜਿਹੇ ਹਾਲਾਤ ਵਿੱਚ ਇਹ ਬਹੁਤ ਜ਼ਰੂਰੀ ਹੋ ਜਾਂਦਾ ਹੈ ਕਿ ਸਾਡੇ ਅਮਰੀਕਾ ਵਰਗੇ ਹੋਰ ਭਾਈਵਾਲ ਦੇਸ਼ ਰਲ ਕੇ ਕੰਮ ਕਰਨਾ ਜਾਰੀ ਰੱਖਣ।

## 11 ਜੂਨ ਤੋਂ ਓਨਟਾਰੀਓ ਵਿੱਚ ਮਾਸਕ ਲਾਉਣ ਦੇ ਸਾਰੇ ਨਿਯਮ ਹੋ ਜਾਣਗੇ ਖ਼ਤਮ



ਓਨਟਾਰੀਓ, 8 ਜੂਨ (ਪੋਸਟ ਬਿਊਰੋ) : ਓਨਟਾਰੀਓ ਦੇ ਉੱਘੇ ਡਾਕਟਰ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਕੋਵਿਡ-19 ਸਬੰਧੀ ਮਾਸਕ ਦੀ ਲਾਜ਼ਮੀ ਸ਼ਰਤ ਨੂੰ ਇਸ ਵੀਕੈਂਡ ਖ਼ਤਮ ਕਰ ਦਿੱਤਾ ਜਾਵੇਗਾ।

ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ. ਕੀਰਨ ਮੂਰ ਨੇ ਬੁੱਧਵਾਰ ਨੂੰ ਜਾਰੀ ਕੀਤੇ ਬਿਆਨ ਵਿੱਚ ਆਖਿਆ ਕਿ 11 ਜੂਨ, 2022 ਤੋਂ ਰਾਤੀਂ 12:00 ਵਜੇ ਮਾਸਕ ਸਬੰਧੀ ਨਿਯਮ ਖ਼ਤਮ ਕਰ ਦਿੱਤਾ ਜਾਵੇਗਾ। ਉਨ੍ਹਾਂ ਆਖਿਆ ਕਿ ਓਨਟਾਰੀਓ ਵਿੱਚ ਕੋਵਿਡ-19 ਦੇ ਹਾਲਾਤ ਵਿੱਚ ਹੋ ਰਹੇ ਸੁਧਾਰ ਤੇ ਵੈਕਸੀਨੇਸ਼ਨ ਦੀ ਬਿਹਤਰ ਦਰ ਕਾਰਨ ਹੁਣ ਪਬਲਿਕ ਟਰਾਂਜ਼ਿਟ ਸਮੇਤ ਹੋਰਨਾਂ ਥਾਂਵਾਂ ਉੱਤੇ ਮਾਸਕ ਲਾਉਣ ਦੀ ਲੋੜ ਮਹਿਸੂਸ ਨਹੀਂ ਕੀਤੀ ਜਾ ਰਹੀ।

ਇੱਥੇ ਦੱਸਣਾ ਬਣਦਾ ਹੈ ਕਿ ਲਾਂਗ ਟਰਮ ਕੇਅਰ ਤੇ ਰਿਟਾਇਰਮੈਂਟ ਹੋਮਜ਼ ਵਿੱਚ ਮਾਸਕ ਪਾਉਣੇ ਜਾਰੀ ਰੱਖੇ ਜਾਣਗੇ। ਇਸ ਦੌਰਾਨ ਟੋਰਾਂਟੋ ਦੇ ਕਈ ਵੱਡੇ ਹਸਪਤਾਲਾਂ ਨੇ ਆਖਿਆ ਹੈ ਕਿ ਇਸ ਨਿਯਮ ਨੂੰ ਖ਼ਤਮ ਕੀਤੇ ਜਾਣ ਦੇ ਬਾਵਜੂਦ ਉਹ ਮਾਸਕ ਲਾਉਣ ਦੀ ਨੀਤੀ ਵਿੱਚ ਕੋਈ ਤਬਦੀਲੀ ਨਹੀਂ ਕਰਨਗੇ।

## ਗੰਨ ਦੀ ਨੋਕ ਉੱਤੇ ਕਾਰ ਜੈਕਿੰਗ ਕਰਨ ਵਾਲੇ ਦੋ ਟੀਨੇਜਰ ਹਿਰਾਸਤ ਵਿੱਚ



ਟੋਰਾਂਟੋ, 8 ਜੂਨ (ਪੋਸਟ ਬਿਊਰੋ) : ਪਿਛਲੇ ਮਹੀਨੇ 11 ਦਿਨਾਂ ਦੇ ਅਰਸੇ ਵਿੱਚ ਗੰਨ ਦੀ ਨੋਕ ਉੱਤੇ ਦਰਜਨਾਂ ਕਾਰਾਂ ਨੂੰ ਚੋਰੀ ਕਰਨ ਦੀ ਕੋਸ਼ਿਸ਼ ਕਰਨ ਵਾਲੇ ਟੋਰਾਂਟੋ ਦੇ 19 ਸਾਲਾ ਵਿਅਕਤੀ ਤੇ ਉਸ ਦੇ ਸਾਥੀ ਟੀਨੇਜਰ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਇਹ ਜਾਣਕਾਰੀ ਪੁਲਿਸ ਨੇ ਦਿੱਤੀ।

ਟੋਰਾਂਟੋ ਦੇ ਪੁਲਿਸ ਇੰਸਪੈਕਟਰ ਰਿਚਰਡ ਹੈਰਿਸ ਨੇ ਦੱਸਿਆ ਕਿ 15 ਮਈ ਤੋਂ 26 ਮਈ ਦਰਮਿਆਨ ਦੋ ਹਥਿਆਰਬੰਦ ਟੀਨੇਜਰਜ਼ ਨੇ ਹੈਂਡਗੰਨਜ਼ ਦੀ ਮਦਦ ਨਾਲ ਸਕਾਰ-ਬਰੋ ਵਿੱਚ 10 ਤੇ ਦਰਹਾਮ ਰੀਜਨ ਵਿੱਚ ਦੋ ਗੱਡੀਆਂ ਚੋਰੀ ਕਰਨ ਦੀ ਕੋਸ਼ਿਸ਼ ਕੀਤੀ। ਉਹ ਪੰਜ ਗੱਡੀਆਂ ਚੋਰੀ ਕਰਨ ਵਿੱਚ ਕਾਮਯਾਬ ਵੀ ਹੋਏ। ਖੁਸ਼ਕਿਸਮਤੀ ਵਾਲੀ ਗੱਲ ਇਹ ਹੈ ਕਿ ਕਿਸੇ ਵੀ ਗੱਡੀ ਦੇ ਆਪਰੇਟਰ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ। ...ਬਾਕੀ ਪੰਨਾ 9 'ਤੇ

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

## ਮੌਸ ਪਾਰਕ ਇਲਾਕੇ ਵਿੱਚ ਚੱਲੀ ਗੋਲੀ, ਇੱਕ ਜ਼ਖ਼ਮੀ



ਟੋਰਾਂਟੋ, 8 ਜੂਨ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਟੋਰਾਂਟੋ ਦੇ ਮੌਸ ਪਾਰਕ ਇਲਾਕੇ ਵਿੱਚ ਸਥਿਤ ਰਿਹਾਇਸ਼ੀ ਬਿਲਡਿੰਗ ਵਿੱਚ ਗੋਲੀ ਚੱਲਣ ਕਾਰਨ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ। ਉਸ ਨੂੰ ਹਸਪਤਾਲ ਲਿਜਾਇਆ ਗਿਆ ਹੈ।

ਟੋਰਾਂਟੋ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਤੀਂ 2:52 ਵਜੇ 285 ਸ਼ਟਰ ਸਟਰੀਟ ਤੋਂ ਗ'ਲੀ ਚੱਲਣ ਦੀਆਂ ਆਵਾਜ਼ਾਂ ਸੁਣਨ ਤੋਂ ਬਾਅਦ ਮੌਕੇ ਉੱਤੇ ਸੱਦਿਆ ਗਿਆ। ਮੌਕੇ ਉੱਤੇ ਪਹੁੰਚੀ ਪੁਲਿਸ ਨੂੰ ਇੱਕ ਵਿਅਕਤੀ ਗੰਭੀਰ ਜ਼ਖ਼ਮੀ ਹਾਲਤ ਵਿੱਚ ਮਿ-ਲਆ। ਉਸ ਨੂੰ ਐਮਰਜੰਸੀ ਰੰਨ ਰਾਹੀਂ ਹਸਪਤਾਲ ਦੇ ਟਰੌਮਾ ਸੈਂਟਰ ਲਿਜ-ਾਇਆ ਗਿਆ।

ਪੈਰਾਮੈਡਿਕਸ ਨੇ ਦੱਸਿਆ ਕਿ ਉਸ ਦੀ ਹਾਲਤ ਕਾਫੀ ਨਾਜ਼ੁਕ ਸੀ। ਪੁਲਿਸ ਅਧਿਕਾਰੀਆਂ ਨੂੰ ਬੁੱਧਵਾਰ ਨੂੰ ਇਸ ਇਮਾਰਤ ਵਿੱਚ ਜਾਂਚ ਕਰਦਿਆਂ ਤੇ ਸਬੂਤ ਇੱਕਠੇ ਕਰਦਿਆਂ ਵੇਖਿਆ ਗਿਆ। ਕਿਸੇ ਮਸ਼ਕੂਕ ਦੇ ਸਬੰਧ ਵਿੱਚ ਕੋਈ ਜਾਣਕਾਰੀ ਹਾਸਲ ਨਹੀਂ ਹੋਈ ਹੈ।

## ਮਸਜਿਦ ਦੇ ਮੈਂਬਰਾਂ ਉੱਤੇ ਹਮਲਾ ਕਰਨ ਵਾਲੇ ਨੂੰ ਹੋ ਸਕਦੀ ਹੈ ਉਮਰ ਕੈਦ



ਮਿਸੀਸਾਗਾ, 8 ਜੂਨ (ਪੋਸਟ ਬਿਊਰੋ) : ਪੀਲ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਮਾਰਚ ਵਿੱਚ ਮਿਸੀਸਾਗਾ ਦੀ ਇੱਕ ਮਸਜਿਦ ਵਿੱਚ ਨਮਾਜ਼ ਅਦਾ ਕਰਨ ਗਏ ਲੋਕਾਂ ਉੱਤੇ ਬਿਨਾਂ ਕਿਸੇ ਮਕਸਦ ਦੇ ਹਮਲਾ ਕਰਨ ਦੇ ਸਬੰਧ ਵਿੱਚ ਇੱਕ ਵਿਅਕਤੀ ਨੂੰ ਚਾਰਜ ਕੀਤਾ ਗਿਆ ਹੈ। ਇਸ ਕਾਰੇ ਨੂੰ ਵੀ ਅੱਤਵਾਦੀ ਕਾਰਵਾਈ ਕਰਾਰ ਦਿੱਤਾ ਗਿਆ।

19 ਮਾਰਚ ਨੂੰ ਸੌਵੇਰੇ 7:00 ਵਜੇ ਤੋਂ ਪਹਿਲਾਂ ਮੈਥਸਨ ਬੋਲੇਵਾਰਡ ਤੇ ਕੈਨੇਡੀ ਰੋਡ ਨੇੜੇ ਸਥਿਤ ਡਾਰ ਅਲ-ਤੌਹੀਦ ਇਸਲਾਮਿਕ ਸੈਂਟਰ ਉੱਤੇ ਹੋਏ ਹਮਲੇ ਦੇ ਸਬੰਧ ਵਿੱਚ ਪੁਲਿਸ ਅਧਿਕਾਰੀਆਂ ਨੂੰ ਸੱਦਿਆ ਗਿਆ। ਇੱਕ ਚਸ਼ਮਦੀਦ ਨੇ ਦੱਸਿਆ ਕਿ ਮਸਜਿਦ ਦੇ ਅੰਦਰ ਕਈ ਲੋਕ ਸਵੇਰ ਸਮੇਂ ਨਮਾਜ਼ ਅਦਾ ਕਰਨ ਲਈ ਮੌਜੂਦ ਸਨ ਜਦੋਂ ਇਸ ਵਿਅਕਤੀ ਨੇ ਆ ਕੇ ਉਨ੍ਹਾਂ ਉੱਤੇ ਬੀਅਰ ਸਪਰੇਅ ਮਾਰ ਦਿੱਤਾ। ਜਿਸ ਕਾਰਨ ਉਨ੍ਹਾਂ ਦੀਆਂ ਅੱਖਾਂ ਤੇ ਗਲੇ ਵਿੱਚ ਕਾਫੀ ਦਿੱਕਤ ਸ਼ੁਰੂ ਹੋ ਗਈ। ਮਸਜਿਦ ਦੇ ਮੈਂਬਰਾਂ ਵੱਲੋਂ ਇਸ ਵਿਅਕਤੀ ਨੂੰ ਕਾਬੂ ਕਰ ਲਿਆ ਗਿਆ ਜਦਕਿ ਐਨੇ ਵਿੱਚ ਕਿਸੇ ਵੱਲੋਂ ਪੁਲਿਸ ਨੂੰ ਸੱਦ ਲਿਆ ਗਿਆ।

ਇਹ ਵੀ ਦੋਸ਼ ਲਾਇਆ ਗਿਆ ਕਿ ਇਸ ਵਿਅਕਤੀ ਨੇ ਆਪਣੇ ਸ਼ਰੀਰ ਨਾਲ ਕਈ ਹਥਿਆਰ ਵੀ ਬੰਨ੍ਹੇ ਹੋਏ ਸਨ, ਇਨ੍ਹਾਂ ਵਿੱਚ ਹੀ ਕੁਹਾੜੀ ਤੇ ਕੁੱਝ ਚਾਕੂ ਆਦਿ ਵੀ ਸਨ। ਇਸ ਸਬੰਧ ਵਿੱਚ ਮਿਸੀਸਾਗਾ ਦੇ 24 ਸਾਲਾ ਮੁਹੰਮਦ ਮੌਇਜ਼ ਉਮਰ ਨੂੰ ਮੌਕੇ ਤੋਂ ਗ੍ਰਿਫਤਾਰ ਕਰ ਲਿਆ ਗਿਆ ਤੇ ਉਸ ਨੂੰ ਉਸੇ ਦਿਨ ਅਦਾਲਤ ਵਿੱਚ ਵੀ ਪੇਸ਼ ਕੀਤਾ ਗਿਆ। ਮੌਇਜ਼ ਨੂੰ ਹਥਿਆਰ ਨਾਲ ਹਮਲਾ ਕਰਨ, ਜ਼ਹਿਰੀਲੇ ਪਦਾਰਥ ਦੀ ਵਰਤੋਂ ਕਰਕੇ ਲੋਕਾਂ ਦੀ ਜਾਨ ਖਤਰੇ ਵਿੱਚ ਪਾਉਣ ਤੇ ਲੋਕਾਂ ਨੂੰ ਸ਼ਰੀਰਕ ਨੁਕਸਾਨ ਪਹੁੰਚਾਉਣ, ਧਮਕੀਆਂ ਦੇਣ, ਹਥਿਆਰ ਲੁਕਾਉਣ ਤੇ ਧਾਰਮਿਕ ਥਾਂ ਉੱਤੇ ਸ਼ਰਾਰਤ ਕਰਨ ਲਈ ਚਾਰਜ ਕੀਤਾ ਗਿਆ।

ਬੁੱਧਵਾਰ ਨੂੰ ਡਿਪਟੀ ਡਾਇਰੈਕਟਰ ਆਫ ਪਬਲਿਕ ਪ੍ਰੌਸੀਕਿਊਸ਼ਨ ਸਰਵਿਸ ਆਫ ਕੈਨੇਡਾ ਤੇ ਅਸਿਸਟੈਂਟ ਡਿਪਟੀ ਅਟਾਰਨੀ ਜਨਰਲ ਫੌਰ ਦ ਮਿਨਿਸਟਰੀ ਆਫ ਦ ਅਟਾਰਨੀ ਜਨਰਲ ਵੱਲੋਂ ਕੈਨੇਡਾ ਦੇ ਕ੍ਰਿਮੀਨਲ ਕੋਡ ਅਨੁਸਾਰ ਮੌਇਜ਼ ਖਿਲਾਫ ਅੱਤਵਾਦੀ ਕਾਰਵਾਈ ਸ਼ੁਰੂ ਕਰਨ ਦੀ ਇਜਾਜ਼ਤ ਦੇ ਦਿੱਤੀ। ਇਸ ਅਧਾਰ ਉੱਤੇ ਜੇ ਮੌਇਜ਼ ਕਸੂਰਵਾਰ ਪਾਇਆ ਜਾਂਦਾ ਹੈ ਤਾਂ ਉਸ ਨੂੰ ਪੈਰੋਲ ਤੋਂ ਬਿਨਾਂ ਉਮਰਕੈਦ ਹੋ ਸਕਦੀ ਹੈ।

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
KSG Pest Control Inc.
Amarjeet Singh Gill Certified & Licensed Exterminator

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
416-724-5000

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
- Immigration
- Family Law
- Corporate
- Power of Attorney/Affidavit /Attestations
- Real Estate
- Business Closing
- Wills & Estate
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213


OURR
HOME & APPLIANCES
Deal Price
PRICE $6899 +TAX
Deal
OF THE WEEK
KitchenAid
moffat
MAYTAG
LG
SAMSUNG
Electrolux
JENNAIR
BOSCH
Whirlpool
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM
(416) 792-0877
(416) 551 3343


EXCLUSIVE OFFER!
GET A $15
IN-STORE CREDIT
*WITH NEW ACTIVATION ON A $25/MO
DATA, TALK, & TEXT PLAN OR HIGHER
chatr™
AUTHORIZED DEALER
1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379
See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022


## ਅੱਜ ਨਾਮਾ >>

ਫਸ ਗਿਆ ਮੰਤਰੀ ਸਾਬਕਾ ਕੱਲ੍ਹ ਜਿਹੜਾ,
ਉਹਦੇ ਆੜੀ ਨੂੰ ਪੁਲਸ ਰਹੀ ਭਾਲ ਬੇਲੀ।
ਫੜੇ ਗਏ ਮੰਤਰੀ ਉੱਤੇ ਆ ਦੋਸ਼ ਲੱਗਦਾ,
ਜੰਗਲ ਦੇ ਵਿੱਚੋਂ ਕਮਾ ਗਿਆ ਮਾਲ ਬੇਲੀ।
ਦੂਸਰੇ ਉੱਤੇ ਆ ਲੱਗਾ ਪਿਆ ਦੋਸ਼ ਭਾਰਾ,
ਜੰਗਲੇ ਖਰੀਦਦਾ ਚੱਲ ਗਿਆ ਚਾਲ ਬੇਲੀ।
ਦੋਵਾਂ ਤੱਕ ਇਹ ਰਹਿਣੀ ਨਹੀਂ ਗੱਲ ਜਾਪੇ,
ਲੱਗਦੀ ਜੇਲ੍ਹ ਵੱਲ ਬੱਝ ਜਾਊ ਪਾਲ ਬੇਲੀ।
ਲੰਮੀ ਸੂਚੀ ਜਿਹੀ ਬਣੀ ਪਈ ਸੁਣੀਂਦੀ ਆ,
ਚੁਣ-ਚੁਣ ਵਿੱਚ ਹਨ ਲਿਖੇ ਪਏ ਨਾਂ ਬੇਲੀ।
ਭਰੋਸਾ ਰਿਹਾ ਨਹੀਂ ਯਾਰਾਂ ਤੇ ਬੇਲੀਆਂ ਦਾ,
ਲੱਭਣੀ ਮੁਸ਼ਕਲ ਆ ਲੁਕਣ ਦੀ ਥਾਂ ਬੇਲੀ।

**ਤੀਸ ਮਾਰ ਖਾਂ**

# ਪੁਤਿਨ ਨੇ ਸਾਫ ਕਹਿ ਦਿੱਤਾ: ਰੋਕਾਂ ਹਟਾਉਗੇ ਤਾਂ ਕਣਕ ਦੇਵਾਂਗੇ

### * ਰੂਸ-ਯੂਕਰੇਨ ਜੰਗ ਕਾਰਨ ਸੰਸਾਰ ਬਾਜ਼ਾਰ ਵਿੱਚ ਕਣਕ ਦੀ ਕਮੀ



ਮਾਸਕੋ, 8 ਜੂਨ, (ਪੋਸਟ ਬਿਊਰੋ)- ਕਰੀਬ ਤਿੰਨ ਮਹੀਨਿਆਂ ਤੋਂ ਯੂਕਰੇਨ ਨਾਲ ਜੰਗ ਵਿੱਚ ਉਲਝੇ ਹੋਏ ਰੂਸ ਨੇ ਅੱਜ ਬੁੱਧਵਾਰ ਨੂੰ ਪੱਛਮੀ ਦੇਸ਼ਾਂ ਨੂੰ ਸਾਫ਼ ਕਹਿ ਦਿੱਤਾ ਕਿ ਸੰਸਾਰ ਬਾਜ਼ਾਰ ਵਿੱਚ ਕਣਕ ਸਪਲਾਈ ਲਈ ਉਸ ਉੱਤੇ ਲੱਗੀਆਂ ਪਾਬੰਦੀਆਂ ਹਟਾਉਣੀਆਂ ਪੈਣਗੀਆਂ, ਪਾਬੰਦੀਆਂ ਹਟਾਏ ਬਗ਼ੈਰ ਉਸ ਲਈ ਸਮੁੰਦਰੀ ਰਸਤੇ ਤੋਂ ਕਣਕ ਸਪਲਾਈ ਕਰਨਾ ਸੰਭਵ ਨਹੀਂ। ਇਸ ਬਾਰੇ ਅਮਰੀਕਾ ਪੱਖੀ ਫੌਜੀ ਗੱਠਜੋੜ ਨਾਟੋ ਦੇ ਮੈਂਬਰ ਦੇਸ਼ ਤੁਰਕੀਏ ਨੇ ਕਿਹਾ ਹੈ ਕਿ ਰੂਸ ਦੀ ਇਹ ਗੱਲ ਕਾਨੂੰਨੀ ਪੱਖੋਂ ਸਹੀ ਹੈ, ਲਿਹਾਜਦਾਰੀ ਇੱਕਤਰਫਾ ਤੌਰ ਉੱਤੇ ਨਹੀਂ ਚੱਲ ਸਕਦੀ।

ਵਰਨਣ ਯੋਗ ਹੈ ਕਿ ਰੂਸ ਕਣਕ ਅਤੇ ਖਣਿਜ ਖੁਰਾਕਾਂ ਦਾ ਦੁਨੀਆ ਵਿੱਚ ਸਭ ਤੋਂ ਵੱਡਾ ਐਕਸਪੋਰਟਰ ਹੈ। ਇਸ ਸਮੇਂ ਕਣਕ ਦੇ ਦੂਸਰੇ ਵੱਡੇ ਐਕਸਪੋਰਟਰਯੂਕਰੇਨ ਦੇ ਕਣਕ ਐਕਸਪੋਰਟ ਪ੍ਰਬੰਧ ਉੱਤੇ ਵੀ ਰੂਸ ਦਾ ਅੜਿੱਕਾ ਹੈ। ਇਸ ਹਾਲਤ ਵਿੱਚ ਜੇ ਰੂਸ ਦੀ ਮੰਗ ਪੂਰੀ ਨਾ ਕੀਤੀ ਗਈ ਤਾਂ ਦੁਨੀਆ ਵਿੱਚ ਖ਼ੁਰਾਕ ਦਾ ਸੰਕਟ ਪੈਦਾ ਹੋਣਾ ਤੈਅ ਹੈ। ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਕਿਹਾ ਕਿ ਰੂਸ ਉੱਤੇ ਪੱਛਮੀ ਦੇਸ਼ਾਂ ਵੱਲੋਂ ਲਾਈਆਂ ਸਭ ਪਾਬੰਦੀਆਂ ਹਟਣਗੀਆਂ ਤਾਂ ਕਣਕ ਐਕਸਪੋਰਟਕੀਤੀ ਜਾਵੇਗੀ। ਇਹ ਜਾਣਕਾਰੀ ਰਾਸ਼ਟਰਪਤੀ ਦਫ਼ਤਰ ਕ੍ਰੈਮਲਿਨ ਦੇ ਬੁਲਾਰੇ ਦਮਿਤਰੀ ਪੇਸਕੋਵ ਨੇ ਦਿੱਤੀ ਅਤੇਦੱਸਿਆ ਕਿ ਯੂਕਰੇਨ ਜੰਗ ਦੇ ਕਾਰਨਲੱਗੀਆਂ ਪਾਬੰਦੀਆਂ ਹੇਠਰੂਸੀ ਜਹਾਜ਼ਾਂ ਦੇ ਬੀਮੇ, ਭੁਗਤਾਨ ਤੇ ਯੂਰਪ ਦੀਆਂ ਬੰਦਰਗਾਹਾਂ ਵਿੱਚ ਰੁਕਣ ਦੀ ਪਾਬੰਦੀ ਹੈ ਤਾਂ ਸਮੁੰਦਰ ਵਿੱਚ ਮਾਲ ਵਾਲੇ ਜਹਾਜ਼ਾਂ ਦੀ ਆਵਾਜਾਈ ਨਹੀਂ ਹੋ ਸਕਦੀ, ਪਹਿਲਾਂ ਪਾਬੰਦੀਆਂ ਹਟਾਉਣੀਆਂ ਪੈਣਗੀਆਂ।ਉਨ੍ਹਾਂ ਦੱਸਿਆ ਕਿ ਰੂਸਵੱਲੋਂ ਕਣਕ ਐਕਸਪੋਰਟਵਿੱਚ ਵਿਹਾਰਕ ਰੋਕਾਂ ਬਾਰੇ ਯੂ ਐੱਨ ਓਅਤੇ ਪੱਛਮੀ ਦੇਸ਼ਾਂ ਨੂੰ ਦੱਸ ਦਿੱਤਾ ਹੈ, ਪਰ ਕੋਈ ਮੂਲ ਮੁੱਦੇਦੀ ਚਰਚਾ ਹੀ ਨਹੀਂ ਕਰਦਾ।ਇਸ ਦੌਰਾਨ ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨਾਲ ਗੱਲਬਾਤ ਦੇ ਬਾਅਦ ਤੁਰਕੀਏ (ਤੁਰਕੀ) ਦੇ ਵਿਦੇਸ਼ ਮੰਤਰੀ ਮੇਵਲੂਤ ਕਾਵੂਸੋਗਲੂ ਨੇ ਵੀ ਯੂਰਪੀ ਦੇਸ਼ਾਂ ਵੱਲੋਂ ਲਾਈਆਂ ਪਾਬੰਦੀਆਂ ਹਟਾਉਣ ਦੀ ਰੂਸ ਦੀ ਮੰਗ ਨੂੰ ਸਹੀ ਕਿਹਾ ਹੈ।

ਰੂਸ ਤੇ ਯੂਕਰੇਨ ਮਿਲ ਕੇ ਦੁਨੀਆ ਦੀ ਲੋੜ ਦੀ ਕਰੀਬ 33 ਫ਼ੀਸਦੀ ਕਣਕ ਐਕਸਪੋਰਟ ਕਰਦੇ ਹਨ।ਰੂਸਸਾਰੀ ਦੁਨੀਆ ਵਿੱਚ ਖੁਰਾਕ ਦਾ ਸਭ ਤੋਂ ਵੱਡਾ ਐਕਸਪੋਰਟਰਹੈ, ਯੂਕਰੇਨ ਵੱਡੀ ਮਾਤਰਾ ਵਿੱਚ ਮੱਕੀ ਤੇ ਸੂਰਜਮੁਖੀ ਤੇਲ ਦੀ ਵੀ ਐਕਸਪੋਰਟ ਕਰਦਾ ਹੈ।ਉਸ ਦੀਆਂ ਸਾਰੀਆਂ ਵੱਡੀਆਂ ਬੰਦਰਗਾਹਾਂ ਉੱਤੇਰੂਸੀ ਫ਼ੌਜ ਦਾ ਕਬਜ਼ਾ ਹੈ ਤੇ ਕਾਲਾ ਸਾਗਰ ਵਿੱਚਰੂਸੀ ਨੇਵੀ ਵੱਲੋਂ ਨਾਕਾਬੰਦੀ ਹੈ। ਇਸ ਕਾਰਨ ਉੱਥੋਂ ਜਹਾਜ਼ਾਂ ਦੀ ਆਵਾਜਾਈ ਬੰਦ ਹੈ।ਯੂ ਐੱਨ ਓ ਦੇ ਮੁਤਾਬਕ ਯੂਕਰੇਨ ਦੁਨੀਆ ਵਿੱਚ ਕਣਕ ਦਾ ਪੰਜਵਾਂ ਸਭ ਤੋਂ ਵੱਡਾ ਐਕਸਪੋਰਟਰਹੈ, ਉਹ ਦੁਨੀਆ ਦੀ ਜ਼ਰੂਰਤ ਦੀ ਦਸ ਫ਼ੀਸਦੀ ਕਣਕ ਇਕੱਲਾ ਐਕਸਪੋਰਟ ਕਰਦਾ ਹੈ, ਪਰ ਜੰਗ ਵਿੱਚ ਫਸਿਆ ਹੋਇਆ ਹੈ।

## ਗੋਲੀ ਲੱਗਣ ਕਾਰਨ ਇੱਕ ਵਿਅਕਤੀ ਦੀ ਹੋਈ ਮੌਤ

ਸਕਾਰਬਰੋ, 8 ਜੂਨ (ਪੋਸਟ ਬਿਊਰੋ) : ਸਕਾਰਬਰੋ ਦੇ ਪੂਰਬੀ ਸਿਰੇ ਉੱਤੇ ਹੋਈ ਸ਼ੂਟਿੰਗ ਵਿੱਚ ਇੱਕ 30 ਸਾਲਾ ਵਿਅਕਤੀ ਦੀ ਮੌਤ ਹੋ ਗਈ।

ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਬੁੱਧਵਾਰ ਰਾਤ ਨੂੰ 8:00 ਵਜੇ ਦੇ ਨੇੜੇ ਤੇੜੇ ਉਨ੍ਹਾਂ ਨੂੰ ਸਕਾਰ-ਬਰੋ ਗੌਲਫ ਕਲੱਬ ਰੋਡ ਦੇ ਪੂਰਬ ਵਿੱਚ ਲਾਅਰੈਂਸ ਐਵਨਿਊ ਈਸਟ ਤੇ ਮੌਸਬੈਂਕ ਡਰਾਈਵ ਉੱਤੇ ਸਥਿਤ ਰਿਹਾਇਸ਼ੀ ਬਿਲਡਿੰਗ ਵਿੱਚ ਕਈ ਗੋਲੀਆਂ ਚੱਲਣ ਦੀਆਂ ਖਬਰਾਂ ਮਿਲੀਆਂ। ਪੁਲਿਸ ਨੇ ਦੱਸਿਆ ਕਿ ਜਦੋਂ ਉਹ ਮੌਕੇ ਉੱਤੇ ਪਹੁੰਚੇ ਤਾਂ ਉਨ੍ਹਾਂ ਨੂੰ ਇੱਕ ਵਿਅਕਤੀ ਗੋਲੀਆਂ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿ-ਲਿਆ। ਬਾਅਦ ਵਿੱਚ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਆਖਿਆ ਕਿ ਉਹ ਕਈ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ ਪਰ ਕਿਸੇ ਦਾ ਵੇਰਵਾ ਪੁਲਿਸ ਵੱਲੋਂ ਜਾਰੀ ਨਹੀਂ ਕੀਤਾ ਗਿਆ।

# ਬਿਕਰਮ ਮਜੀਠੀਆ ਨੂੰ ਜੇਲ੍ਹ ਵਿੱਚ ਜਾਨ ਦੇ ਖਤਰੇ ਬਾਰੇ ਅਕਾਲੀ ਦਲ ਵੱਲੋਂ ਗਵਰਨਰ ਕੋਲ ਪਹੁੰਚ



ਚੰਡੀਗੜ੍ਹ, 8 ਜੂਨ, (ਪੋਸਟ ਬਿਊਰੋ)- ਬਾਦਲ ਅਕਾਲੀ ਦਲ ਨੇ ਅੱਜ ਪੰਜਾਬ ਦੇ ਗਵਰਨਰ ਬਨਵਾਰੀ ਲਾਲ ਪੁਰੋਹਿਤ ਨੂੰਦੱਸਿਆ ਕਿ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਜਾਨ ਨੂੰ ਜੇਲ੍ਹ ਵਿਚ ਖ਼ਤਰਾ ਹੈ ਤੇ ਇਸਦੇ ਨਾਲਉਨ੍ਹਾਂ ਉੱਤੇ ਕੋਈ ਵੀ ਚੀਜ਼ ਪਾ ਕੇ ਉਨ੍ਹਾਂ ਨੂੰ ਇਕ ਹੋਰ ਝੂਠੇ ਕੇਸ ਵਿਚ ਫਸਾਇਆ ਜਾ ਸਕਦਾ ਹੈ।

ਅੱਜ ਏਥੇ ਅਕਾਲੀ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਸਾਬਕਾ ਮੰਤਰੀ ਗੁਲਜ਼ਾਰ ਸਿੰਘ ਰਣੀਕੇ, ਸ਼ਰਨਜੀਤ ਸਿੰਘ ਢਿੱਲੋਂ, ਮਨਪ੍ਰੀਤ ਸਿੰਘ ਅੱਯਾਲੀ ਅਤੇ ਬਿਕਰਮ ਸਿੰਘ ਮਜੀਠੀਆ ਦੀ ਧਰਮ ਪਤਨੀ ਤੇ ਮਜੀਠਾ ਹਲਕੇ ਤੋਂ ਵਿਧਾਇਕ ਗਨੀਵ ਕੌਰ ਮਜੀਠੀਆ ਸਮੇਤ ਅਕਾਲੀ ਆਗੂਆਂ ਦੇ ਇਕ ਵਫਦ ਨੇ ਪੰਜਾਬ ਦੇ ਗਵਰਨਰ ਨੂੰ ਮਿਲ ਕੇਕਿਹਾ ਕਿ ਉਹ ਹਰਪ੍ਰੀਤ ਸਿੰਘਸਿੱਧੂਤੋਂ ਜੇਲ੍ਹਾਂ ਬਾਰੇ ਐਡੀਸ਼ਨਲ ਡੀ ਜੀ ਪੀ ਦਾ ਐਡੀਸ਼ਨਲ ਚਾਰਜ ਵਾਪਸ ਲੈਣ ਦੀ ਹਦਾਇਤ ਜਾਰੀ ਕਰਨ। ਇਸ ਵਫਦ ਨੇ ਗਵਰਨਰਨੂੰ ਦੱਸਿਆ ਕਿ ਪਿਛਲੀ ਸਰਕਾਰ ਵਾਂਗ ਇਸ ਵਕਤ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਹਰਪ੍ਰੀਤ ਸਿੰਘਸਿੱਧੂ ਦੇ ਹੱਥਾਂ ਵਿਚ ਖੇਡ ਰਹੀ ਹੈ ਤੇ ਇਹ ਪੁਲਿਸ ਅਫਸਰ ਨਸ਼ਿਆਂ ਨੂੰ ਖ਼ਤਮ ਕਰਨ ਲਈ ਸਪੈਸ਼ਲ ਟਾਸਕ ਫੋਰਸ ਦੇ ਮੁਖੀ ਵਜੋਂ ਬੁਰੀ ਤਰ੍ਹਾਂ ਨਾਕਾਮ ਰਿਹਾ ਹੋਣ ਪਿੱਛੋਂ ਇਸ ਨੂੰ ਏ ਡੀ ਜੀ ਪੀ ਜੇਲ੍ਹਾਂ ਦਾ ਐਡੀਸ਼ਨਲ ਚਾਰਜ ਬਿਕਰਮ ਸਿੰਘ ਮਜੀਠੀਆ ਨਾਲ ਕਿੜਾਂ ਕੱਢਣ ਦੇ ਲਈਦਿੱਤਾ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਨਸ਼ਿਆਂ ਦੇ ਕੇਸ ਵਿਚ ਮਜੀਠੀਆਉੱਤੇ ਲਾਏ ਦੋਸ਼ਾਂ ਲਈ ਉਨ੍ਹਾਂ ਤੋਂ ਮਾਫ਼ੀ ਮੰਗਣੀ ਪਈ ਸੀ। ਪੱਤਰਕਾਰਾਂ ਨਾਲ ਗੱਲਬਾਤ ਵਿੱਚ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਜਦੋਂ ਤਕ ਹਰਪ੍ਰੀਤ ਸਿੰਘ ਸਿੱਧੂ ਏਡੀਜੀਪੀ ਜੇਲ੍ਹਾਂ ਹੈ, ਮੇਰੇ ਭਰਾ ਦੀ ਜੇਲ੍ਹ ਵਿਚ ਜਾਨ ਸੁਰੱਖਿਅਤ ਨਹੀਂ ਹੈ।ਉਨ੍ਹਾਂ ਕਿਹਾ ਕਿ ਜੇਲ੍ਹ ਵਿਚ ਬਿਕਰਮ ਸਿੰਘ ਮਜੀਠੀਆ ਨੂੰ ਖ਼ਤਮ ਕੀਤਾ ਜਾ ਸਕਦਾ ਹੈ।

ਇਸ ਤੋਂ ਪਹਿਲਾਂ ਅਕਾਲੀ ਦਲ ਦੇ ਵਫਦ ਨੇ ਗਵਰਨਰਨੂੰ ਕਿਹਾ ਕਿ ਹਰਪ੍ਰੀਤ ਸਿੰਘ ਸਿੱਧੂ ਦੀ ਮਜੀਠੀਆ ਨਾਲ ਪਰਿਵਾਰਕਦੁਸ਼ਮਣੀ ਹੈ ਅਤੇ ਉਸ ਨੂੰ ਸੁਪਰ ਡੀ ਜੀ ਪੀ ਵਜੋਂ ਕੰਮ ਨਹੀਂ ਕਰਨ ਦੇਣਾ ਚਾਹੀਦਾ। ਵਫਦ ਨੇ ਦੱਸਿਆ ਕਿ ਇਹ ਅਫਸਰ ਨਾ ਸਿਰਫ ਐੱਸਟੀਐੱਫ (ਸਪੈਸ਼ਲ ਟਾਸਕ ਫੋਰਸ) ਦੇ ਮੁਖੀ ਵਜੋਂ ਮਜੀਠੀਆ ਦੇ ਖਿਲਾਫ ਦੋਸ਼ਾਂ ਦੀ ਜਾਂਚ ਲਈ ਐੱਸ ਆਈ ਟੀ (ਵਿਸ਼ੇਸ਼ ਜਾਂਚ ਟੀਮ) ਬਣਵਾਉਣ ਦਾ ਜ਼ਿੰਮੇਵਾਰ ਹੈ, ਸਗੋਂ ਉਹ ਇਸ ਨੂੰ ਕੰਟਰੋਲ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ ਇਸ ਦੌਰਾਨ ਹਰਪ੍ਰੀਤ ਸਿੰਘਸਿੱਧੂ ਨੂੰ ਜੇਲ੍ਹ ਵਿਭਾਗ ਦਾ ਐਡੀਸ਼ਨਲ ਚਾਰਜ ਦਿੱਤਾ ਗਿਆ ਹੈ ਤਾਂ ਜੋ ਉਹ ਮਜੀਠੀਆ ਦੇ ਖਿਲਾਫ਼ ਹੋਰ ਝੂਠੇ ਸਬੂਤ ਜੁਟਾ ਸਕੇ।ਹਰਸਿਮਰਤ ਕੌਰ ਬਾਦਲ ਨੇਦ-ਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਟਿਆਲਾ ਕੇਂਦਰੀ ਜੇਲ੍ਹ ਦੇ ਤਿੰਨ ਸੁਪਰਡੈਂਟ ਇਸ ਲਈ ਬਦਲੇ ਕਿ ਮਜੀਠੀਆ ਨੂੰ ਨਿਸ਼ਾਨਾ ਬਣਾਇਆ ਜਾ ਸਕੇ।ਉਨ੍ਹਾ ਇਹ ਵੀ ਕਿਹਾ ਕਿ ਜੇਲ੍ਹ ਮੰਤਰੀ ਦੇ ਜੇਲ੍ਹ ਦੌਰੇ ਦੌਰਾਨਮਜੀਠੀਆ ਨੂੰ ਉਸ ਚੱਕੀ ਵਿਚ ਬੰਦ ਕਰ ਦਿੱਤਾ ਗਿਆ, ਜੋ 8 ਬਾਈ 8 ਸਾਈਜ਼ ਦੀ ਹੈ ਅਤੇ ਮਨੁੱਖਾਂ ਦੇ ਰਹਿਣ ਲਈ ਅਣਫਿੱਟ ਹੈ।

# ਪੰਜਾਬ ਕੈਬਨਿਟ ਵੱਲੋਂ ਨਵੀਂ ਐਕਸਾਈਜ਼ ਨੀਤੀ ਨੂੰ ਮਨਜ਼ੂਰੀ

### * ਅੰਗਰੇਜ਼ੀ ਸ਼ਰਾਬ ਤੇ ਬੀਅਰ ਸਸਤੀ ਹੋਵੇਗੀ



ਚੰਡੀਗੜ੍ਹ, 8 ਜੂਨ, (ਪੋਸਟ ਬਿਊਰੋ)- ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਪੰਜਾਬ ਕੈਬਨਿਟ ਨੇ ਅੱਜ ਨਵੀਂ ਐਕਸਾਈਜ਼ ਨੀਤੀ ਨੂੰ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਨਾਲ 9647.85 ਕਰੋੜ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾ ਹੈ ਜੋ ਬੀਤੇ ਸਾਲ ਤੋਂ 40 ਫੀਸਦੀ ਵੱਧ ਹੋਵੇਗੀ। ਇਹ ਫੈਸਲਾ ਅੱਜਏਥੇ ਪੰਜਾਬ ਸਿਵਲ ਸੈਕਟਰੀਏਟ ਵਿਖੇ ਮੁੱਖ ਮੰਤਰੀ ਦੀ ਅਗਵਾਈ ਵਿੱਚ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਿਆ ਗਿਆ।

ਪੰਜਾਬ ਦੇ ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਨਵੀਂ ਨੀਤੀ ਦੀ ਸਖ਼ਤੀ ਨਾਲ ਪਾਲਣਾ ਕਰਕੇ ਅਤੇ ਨਵੇਂ ਤਕਨਾਲੋਜੀ ਕਦਮਾਂ ਨਾਲ ਗੁਆਂਢੀ ਰਾਜਾਂ ਤੋਂ ਸ਼ਰਾਬ ਤਸਕਰੀ ਉੱਤੇ ਕਰੜੀ ਨਜ਼ਰ ਰੱਖੀ ਜਾਵੇਗੀ।ਐਕਸਾਈਜ਼ਦੀ ਨਵੀਂਨੀਤੀ ਦਾ ਉਦੇਸ਼ ਸਾਲ 2022-23 ਵਿਚ 9647.85 ਕਰੋੜ ਰੁਪਏ ਇਕੱਠੇ ਕਰਨਾ ਹੈ ਤੇ ਇਹ ਇੱਕ ਜੁਲਾਈ ਤੋਂ 31 ਮਾਰਚ 2023 ਤੱਕ 9 ਮਹੀਨਿਆਂ ਲਈ ਹੋਵੇਗੀ।ਮੰਤਰੀ ਮੰਡਲ ਨੇ ਐਕਸਾਈਜ਼ ਵਿਭਾਗ ਨਾਲ ਪਹਿਲਾਂ ਤਾਇਨਾਤ ਪੁਲਿਸ ਤੋਂ ਇਲਾਵਾ ਦੋ ਹੋਰ ਬਟਾਲੀਅਨਾਂ ਐਕਸਾਈਜ਼ ਵਿਭਾਗ ਨੂੰ ਦੇਣ ਦੀ ਸਹਿਮਤੀ ਦੇਦਿੱਤੀ ਹੈ ਤਾਂ ਕਿ ਐਕਸਾਈਜ਼ ਡਿਊਟੀ ਦੀ ਚੋਰੀ ਉਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਨਜ਼ਰ ਰੱਖੀ ਜਾ ਸਕੇ। ਨਵੀਂ ਐਕਸਾਈਜ਼ ਨੀਤੀ ਦਾ ਉਦੇਸ਼ ਸ਼ਰਾਬ ਕਾਰੋਬਾਰ ਵਿੱਚਲੱਗੇ ਮਾਫ਼ੀਆ ਦੇ ਗਠਜੋੜ ਨੂੰ ਤੋੜਨਾ ਤੈਅ ਕੀਤਾਗਿਆ ਹੈ। ਇਸ ਮੁਤਾਬਕ ਸ਼ਰਾਬ ਨਿਰਮਾਤਾ, ਥੋਕ ਵਿਕਰੇਤਾ ਤੇ ਪਰਚੂਨ ਵਿਕਰੇਤਾਵਾਂ ਦੀ ਇਕ-ਦੂਜੇ ਤੋਂ ਦੂਰੀ ਬਣੇਗੀ। ਇਸ ਨੀਤੀ ਨਾਲ ਇਹ ਸਾਰੇ ਪੂਰੀ ਤਰ੍ਹਾਂ ਵੱਖ ਯੂਨਿਟ ਵਜੋਂ ਕੰਮ ਕਰਨਗੇ ਅਤੇ ਇਨ੍ਹਾਂ ਕਾਰੋਬਾਰਾਂ ਵਿਚਾਲੇ ਕੋਈ ਸਾਂਝਾ ਭਾਈਵਾਲ ਨਹੀਂ ਹੋਵੇਗਾ। ਨਵੀਂਨੀਤੀ ਈ-ਟੈਂਡਰਿੰਗ ਦੇ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ 177 ਗਰੁੱਪਾਂ ਨੂੰ ਅਲਾਟ ਕਰਕੇ ਸ਼ਰਾਬ ਦੇ ਕਾਰੋਬਾਰ ਦੀ ਅਸਲ ਸਮਰੱਥਾ ਦਾ ਪਤਾ ਲਾਉਣ ਲਈ ਬਣਾਈ ਹੈ। ਇੱਕ ਗਰੁੱਪ ਦਾ ਆਮ ਆਕਾਰ ਲਗਭਗ 30 ਕਰੋੜ ਰੁਪਏ ਹੋਵੇਗਾ ਅਤੇ ਪੰਜਾਬ ਵਿੱਚ 6378 ਠੇਕੇ ਹੋਣਗੇ।


ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ukttc UK TRUCK TRAINING CENTRE PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਮੂਸੇਵਾਲਾ ਦੇ ਭੋਗ ਮੌਕੇ ਪਰਵਾਰ ਨੇ ਨੌਜਵਾਨਾਂ ਨੂੰ ਦਸਤਾਰਾਂ ਸਜਾਉਣ ਤੇ ਨਸ਼ੇ ਨਾ ਕਰਨ ਨੂੰ ਕਿਹਾ

## *ਸਿਆਸਤਦਾਨ ਤੇ ਕਲਾਕਾਰ ਵੀ ਆਏ, ਬੋਲਣ ਕੋਈ ਨਹੀਂ ਦਿੱਤਾ ਗਿਆ

ਮਾਨਸਾ, 8 ਜੂਨ, (ਪੋਸਟ ਬਿਊਰੋ)- ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਅੰਤਿਮ ਅਰਦਾਸ ਵਿੱਚ ਅੱਜ ਵੱਡੀ ਗਿਣਤੀ ਲੋਕ ਪਹੁੰਚੇ ਤੇ ਕਈ ਕਿਲੋਮੀਟਰ ਤੱਕ ਜਾਮ ਲੱਗ ਗਿਆ। ਮਾਨਸਾ ਦੀ ਅਨਾਜ ਮੰਡੀ ਵਿੱਚ ਕੀਰਤਨ ਹੋਇਆ ਤੇ ਭੋਗ ਦੀ ਸਮਾਪਤੀ ਉੱਤੇ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਆਏ ਲੋਕਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਨੌਜਵਾਨਾਂ ਨੂੰ ਦਸਤਾਰਾਂ ਸਜਾਉਣ ਅਤੇ ਨਸ਼ਿਆਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਤੇ ਕਿਹਾ ਕਿ ਇਹੀ ਉਨ੍ਹਾਂ ਦੇ ਪੁੱਤ ਦਾ ਸੁਨੇਹਾ ਸੀ।ਸਿੱਧੂ ਮੂਸੇਵਾਲਾ ਦੀ ਮਾਂ ਨੇ ਕਿਹਾ ਕਿ ਐਨੇ ਵੱਡੇ ਇਕੱਠ ਨੇ ਉਨ੍ਹਾਂ ਦਾ ਦੁੱਖ ਘਟਾ ਦਿੱਤਾ ਹੈ ਤੇ ਦੂਰੋਂ ਦੂਰੋਂ ਆਏ ਲੋਕਾਂ ਦਾ ਉਨ੍ਹਾਂ ਪੁੱਤ ਪ੍ਰਤੀ ਪਿਆਰ ਅਤੇ ਸਨਮਾਨ ਉਹ ਕਦੇ ਨਹੀਂ ਭੁੱਲਣਗੇ। ਉਨ੍ਹਾਂ ਨੇ ਹਰ ਨੌਜਵਾਨ ਨੂੰ ਰੁੱਖ ਲਾਉਣ ਦਾ ਸੱਦਾ ਦਿੱਤਾ।

ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਲੋਕਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ 'ਮੈਨੂੰ ਹਾਲੇ ਤੱਕ ਨਹੀਂ ਪਤਾ ਕਿ ਮੇਰੇ ਬੱਚੇ ਦਾ ਕਸੂਰ ਕੀ ਸੀ। ਬੱਚੇ ਦੀ ਗਲਤੀ ਹੋਵੇ ਤਾਂ ਸਭ ਤੋਂ ਪਹਿਲਾਂ ਲੋਕ ਪਿਉ ਨੂੰ ਉਲਾਂਭਾ ਦਿੰਦੇ ਹਨ, ਪਰ ਮੈਂ ਅੱਜ ਗੁਰੂ ਗੰਥ ਸਾਹਿਬ ਦੀ ਹਾਜ਼ਰੀ ਵਿੱਚ ਕਹਿੰਦਾ ਹਾਂ ਕਿ ਮੈਨੂੰ ਕਿਸੇ ਨੇ ਉਸ ਦੀ ਸ਼ਿਕਾਇਤ ਨਹੀਂ ਕੀਤੀ।' ਉਨ੍ਹਾਂ ਕਿਹਾ ਕਿ 'ਮੇਰਾ ਬੇਟਾ ਮੇਰੇ ਗਲ ਲੱਗ ਕੇ ਕਹਿੰਦਾ ਹੁੰਦਾ ਸੀ ਕਿ ਪਿਤਾਂ ਜੀ ਮੈਨੂੰ ਦੱਸ, ਹਰ ਗੱਲ ਮੇਰੇ ਨਾਲ ਕਿਉਂ ਜੁੜ ਜਾਂਦੀ ਹੈ। ਮੈਂ ਕਿਸੇ ਦਾ ਕੀ ਮਾੜਾ ਕੀਤਾ।ਉਸ ਨੇ ਮਾਂ-ਬਾਪ ਦੇ ਸਿਰ ਦੇ ਹੱਥ ਰੱਖ ਕੇ ਵਿਸ਼ਵਾਸ਼ ਦਿਵ-ਾਇਆ ਸੀ ਕਿ ਉਹ ਕਿਸੇ ਗਲਤ ਚੀਜ ਵਿੱਚ ਸ਼ਾਮਲ ਨਹੀਂ।' ਇਸ ਉੱਤੇ ਸਿੱਧੂ ਦੇ ਪਿਤਾ ਨੇ ਕਿਹਾਕਿ ਫੇਰ ਤੈਨੂੰ ਡਰਨ ਦੀ ਲੋੜ ਨਹੀਂ ਹੈ, ਕਿਉਂਕਿ ਆਪਣਾ ਪ੍ਰਮਾਤਮਾ ਉਤੇ ਵਿਸ਼ਵਾਸ਼ ਹੈ।ਉਨ੍ਹਾਂ ਕਿਹਾ ਕਿ ਜੇ ਸਿੱਧੂ ਗਲਤ ਹੁੰਦਾ ਤਾਂ ਬਿਨਾਂ ਸੁਰੱਖਿਆ ਇਕੱਲਾ ਨਾ ਘੁੰਮਦਾ, ਉਹ ਨਾਲ ਗੰਨਮੈਨ ਵੀ ਰੱਖਦਾ, ਚਾਹੇ ਪ੍ਰਾਈਵੇਟ ਗੰਨਮੈਨ ਰੱਖਣੇ ਪੈਂਦੇ।ਉਨ੍ਹਾਨੇ ਲੋਕਾਂ ਨੂੰ ਕਿਹਾ ਕਿ ਪੰਜਾਬ ਦੇ ਇਸ ਮਾਹੌਲ ਨੂੰ ਬਚਾ ਲਵੋ, ਅੱਜ ਮੇਰੇ ਨਾਲ ਹੋਈ ਹੈ ਅਤੇ ਕੱਲ੍ਹ ਨੂੰ ਕਿਸੇ ਹੋਰ ਨਾਲ ਹੋ ਸਕਦੀ ਹੈ।'ਸਿੱਧੂ ਮੂਸੇਵਾਲਾ ਦੇ ਪਿਤਾ ਨੇ ਫੈਨਸ ਨੂੰ ਅਪੀਲ ਕੀਤੀ ਕਿ ਮੂਸੇਵਾਲਾ ਦੇ ਫੇਕ ਇੰਸਟਾਗ੍ਰਾਮ ਪੇਜ ਨਾ ਬਣਾਓ।ਉਨ੍ਹਾਂ ਕਿਹਾ ਕਿ ਮੇਰੇ ਪੁੱਤ ਦੇ ਸਿਵੇ ਉੱਤੇ ਗਲਤ ਖ਼ਬਰਾਂ ਨਾ ਬਣਾਓ ਤੇ ਹਰ ਚੀਜ਼ ਨੂੰ ਖ਼ਬਰ ਨਾ ਬਣਾਓ, ਇਨ੍ਹਾਂ ਬੇਬੁਨਿਆਦ ਖ਼ਬਰਾਂ ਨਾਲ ਮੇਰਾ ਮਨ ਦੁਖਦਾ ਹੈ,ਸਿੱਧੂਮੂਸੇਵਾਲਾ ਦੀ ਕਦੇ ਕਿਸੇ ਨਾਲ ਦੁਸ਼ਮਣੀ ਨਹੀਂ ਸੀ।



ਅੱਜ ਮਾਨਸਾ ਦੀ ਅਨਾਜ ਮੰਡੀ ਵਿੱਚ ਸਿੱਧੂਮੂਸੇਵਾਲਾ ਦੇ ਭੋਗ ਅਤੇ ਅੰਤਿਮ ਅਰਦਾਸ ਮੌਕੇ ਵੱਡੀ ਗਿਣਤੀਵਿੱਚ ਸਿਆਸੀ ਆਗੂ, ਕਲਾਕਾਰ ਤੇ ਹੋਰ ਸ਼ਖ਼ਸੀਅਤਾਂ ਪਹੁੰਚੀਆਂ, ਜਿਨ੍ਹਾਂ ਵਿੱਚ ਕੈਬਨਿਟ ਮੰਤਰੀ ਡਾ. ਬਲਜੀਤ ਕੌਰ, ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ, ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਅਕਾਲੀ ਦਲ ਅੰਮ੍ਰਿਤਸਰ ਦੇ ਸਿਮਰਨਜੀਤ ਸਿੰਘ ਮਾਨ, ਸੰਗਰੂਰ ਵਿੱਚਕਾਂਗਰਸ ਉਮੀਦਵਾਰ ਦਲਬੀਰ ਸਿੰਘ ਗੋਲਡੀ, ਸੀਨੀਅਰ ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ, ਹਰਿਆਣਾ ਸਿੱਖ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ ਤੋਂ ਇਲਾਵਾ ਕਲਾਕਾਰ ਅੰਮ੍ਰਿਤ ਮਾਨ, ਕੁਲਵਿੰਦਰ ਬਿੱਲਾ, ਗੁਰਪ੍ਰੀਤ ਘੁੱਗੀ ਸ਼ਾਮਲ ਸਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*.
Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.


# ਦਿੱਲੀ ਪੁਲਿਸ ਦਾ ਦਾਅਵਾ: ਸਿੱਧੂ ਮੂਸੇਵਾਲਾ ਦਾ ਕਤਲ ਮੁੱਖ ਦੋਸ਼ੀ ਲਾਰੈਂਸ ਬਿਸ਼ਨੋਈ ਨੇ ਕਰਾਇਐ

## * ਸ਼ਾਰਪ ਸ਼ੂਟਰ ਸੌਰਵ ਮਹਾਂਕਾਲ ਪੂਣੇ ਤੋਂ ਗ੍ਰਿਫ਼ਤਾਰ

ਨਵੀਂ ਦਿੱਲੀ, 8 ਜੂਨ, (ਪੋਸਟ ਬਿਊਰੋ)- ਪ੍ਰਸਿੱਧ ਪੰਜਾਬੀ ਗਾਇਕ ਸ਼ੁੱਭਦੀਪ ਸਿੰਘ ਉਰਫ਼ ਸਿੱਧੂਮੂਸੇਵਾਲਾ ਦੇ ਕਤਲ ਦੀ ਜਾਂਚ ਵਿੱਚਦਿੱਲੀ ਪੁਲਿਸ ਨੂੰ ਵੱਡੀ ਕਾਮਯਾਬੀ ਮਿਲੀ ਹੈਅਤੇ ਉਸ ਦੇ ਸਪੈਸ਼ਲ ਸੈੱਲ ਨੇ ਮਹਾਰਾਸ਼ਟਰ ਦੇ ਪੁਣੇ ਤੋਂ ਇੱਕ ਸ਼ੂਟਰਫੜਿਆ ਹੈ।ਇਹ ਕਾਰਵਾਈਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਮਹਾਰਾਸ਼ਟਰ ਦੀ ਪੁਲਿਸ ਦੀ ਮਦਦ ਨਾਲ ਕੀਤੀ ਹੈ। ਸੌਰਵ ਉਰਫ ਮਹਾਂਕਾਲ ਨਾਮ ਦਾ ਇਹਸ਼ੂਟਰ ਨੂੰ ਇਸ ਕਤਲ ਵਿੱਚ ਸ਼ਾਮਲ ਸੀ।

ਵਰਨਣ ਯੋਗ ਹੈ ਕਿ ਪੰਜਾਬੀ ਗਾਇਕ ਸਿੱਧੂਮੂਸੇਵਾਲਾਨੂੰ 29 ਮਈ ਨੂੰ ਉਨ੍ਹਾਂ ਦੇ ਪਿੰਡ ਮੂਸੇ ਤੋਂ ਨਿਕਲਦੇ ਸਮੇਂ ਕਤਲ ਕਰ ਦਿੱਤਾ ਗਿਆ ਸੀ। ਇਸ ਮੌਕੇ ਗਾਇਕ ਮੂਸੇਵਾਲਾ ਦੇ ਦੋ ਸਾਥੀ ਵੀ ਜ਼ਖ਼ਮੀ ਹੋਏ ਸਨ ਅਤੇ ਇਸ ਪਿੱਛੋਂਕਤਲ ਦੀ ਜ਼ਿੰਮੇਵਾਰੀ ਲਾਰੈਂਸ ਬਿਸ਼ਨੋਈ ਗੈਂਗ ਦੇ ਮੈਂਬਰ ਗੋਲਡੀ ਬਰਾੜ ਨੇ ਲਈ ਸੀ ਤੇ ਉਸ ਨੇ ਸੋਸ਼ਲ ਮੀਡੀਆ ਉੱਤੇ ਪੋਸਟ ਸ਼ੇਅਰ ਕਰਦੇ ਹੋਏ ਲਿਖਿਆ ਕਿ ਉਹ ਇਸ ਕਤਲ ਦੀ ਜ਼ਿੰਮੇਵਾਰੀ ਲੈਂਦਾ ਹੈ।

ਮਹਾਰਾਸ਼ਟਰ ਤੋਂ ਸ਼ਾਰਪ ਸ਼ੂਟਰ ਮਹਾਕਾਲ ਦੀ ਗ੍ਰਿਫਤਾਰੀ ਪਿੱਛੋਂਦਿੱਲੀ ਪੁਲਿਸ ਨੇ ਪੱਤਰਕਾਰਾਂ ਨੂੰਦੱਸਿਆ ਕਿ ਯੋਜਨਾਬੱਧ ਢੰਗ ਨਾਲ ਹੋਏ ਇਸ ਕਤਲ ਕੇਸ ਵਿੱਚ ਕਈ ਰਾਜਾਂ ਦੀ ਪੁਲਿਸ ਇਸ ਦੀ ਜਾਂਚ ਲਈ ਲਗਾਤਾਰ ਛਾਪੇਮਾਰ ਰਹੀ ਹੈ। ਇਸ ਕਤਲ ਦੀ ਵਿਉਂਤਬੰਦੀ ਕਈ ਮਹੀਨਿਆਂ ਤੋਂ ਹੁੰਦੀ ਪਈ ਸੀ।ਸ਼ਾਰਮਸ਼ੂਟਰ ਬਾਰੇ ਦਿੱਲੀ ਪੁਲਸ ਨੇ ਕਿਹਾ ਕਿ ਸਿੱਧੇਸ਼ ਹੀਰਾਮਲ ਉਰਫ ਮਹਾਕਾਲ ਸ਼ੂਟਰ ਅਸਲ ਵਿੱਚ ਵੱਡੇ ਡਾਨ ਅਰੁਣ ਗਾਵਲੀ ਦਾ ਸਾਥੀ ਹੈ।ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਦੇ ਸਪੈਸ਼ਲ ਕਮਿਸ਼ਨਰ ਐੱਚ ਜੀਐਸ ਧਾਲੀਵਾਲ ਨੇ ਦੱਸਿਆ ਕਿ ਸਿੱਧੂਮੂਸੇਵਾਲਾਦੇ ਪੰਜਾਬ ਵਿੱਚ 29 ਮਈ ਨੂੰ ਕਤਲਤੋਂ ਪਹਿਲਾਂ ਵੀ ਸਪੈਸ਼ਲ ਸੈੱਲ ਕਈ ਸੰਗਠਿਤ ਅਪਰਾਧੀਆਂਬਾਰੇ ਕੰਮ ਕਰ ਰਿਹਾ ਸੀਅਤੇ ਇਸ ਘਟਨਾ ਦੇ ਬਾਅਦ ਸਾਡੀ ਕੋਸ਼ਿਸ਼ ਸੀ ਕਿ ਇਹ ਵਾਰਦਾਤ ਕਰਨ ਵਾਲੇ ਲੋਕਜਲਦੀ ਫੜੇ ਜਾਣ। ਇੱਥੇ ਅੱਠ ਫੋਟੋ ਮੀਡੀਆ ਰਾਹੀਂਜਾਰੀ ਕੀਤੀਆਂ ਗਈਆਂ ਸਨ। ਪੰਜਾਬ ਵਿੱਚਕੇਸ ਦਰਜ ਹੈ ਤੇ ਪੰਜਾਬ



ਪੁਲਸਵੀ ਕਾਰਵਾਈ ਕਰ ਰਹੀ ਹੈ।ਧਾਲੀਵਾਲ ਨੇਦੱਸਿਆ ਕਿ ਪੰਜ ਸ਼ੂਟਰਾਂ ਦੇ ਇਸ ਕਤਲ ਦੀ ਜਾਂਚ ਵਿੱਚ ਸਾਡੀ ਟੀਮ ਸ਼ਾਮਲ ਸੀ ਤੇ ਅਸੀਂ ਇਸ ਬਾਰੇ ਜਾਣਕਾਰੀ ਸਾਂਝੀ ਕਰ ਰਹੇ ਹਾਂ।ਉਨ੍ਹਾਂ ਦੱਸਿਆ ਕਿ ਪੁਣੇਤੋਂ ਇੱਕ ਦੋਸ਼ੀ ਮਹਾਕਾਲ ਗ੍ਰਿਫਤਾਰ ਕੀਤਾ ਗਿਆ ਹੈ।ਉਹ ਮੁੱਖ ਸ਼ੂਟਰ ਦਾ ਨੇੜੂ ਹੈ ਤੇ ਉਸ ਨੂੰ ਮਕੋਕਾ (ਮਹਾਰਾਸ਼ਟਰ ਆਰਗੇਨਾਈਜ਼ਡ ਕਰਾਈਮ ਕੰਟਰੋਲ ਐਕਟ) ਹੇਠ ਗ੍ਰਿਫ਼ਤਾਰ ਕੀਤਾ ਹੈ।ਉਸ ਨੇ ਲਾਰੈਂਸ ਬਿਸ਼ਨੋਈ ਦੇ ਕਹਿਣ ਉੱਤੇ ਕਈ ਵਾਰਦਾਤਾਂ ਕੀਤੀਆਂ ਹਨ। ਉਨ੍ਹਾਂ ਦੱਸਿਆ ਕਿਦਿੱਲੀ ਪੁਲਿਸ ਦਾ ਸਪੈਸ਼ਲ ਸੈੱਲ ਇਹ ਸਾਰੀ ਸੂਚਨਾ ਪੰਜਾਬ ਅਤੇ ਮਹਾਰਾਸ਼ਟਰ ਦੀ ਪੁਲਸ ਨਾਲ ਸਾਂਝੀ ਜਾਂਚ ਕਰ ਰਿਹਾ ਹੈ।ਉਨ੍ਹਾਂ ਦੱਸਿਆ ਕਿ ਮੁੰਬਈ ਪੁਲਿਸ ਸਲਮਾਨ ਖਾਨ ਨੂੰ ਮਿਲੇ ਪੱਤਰ ਵਾਲੇ ਕੇਸ ਉੱਤੇ ਪਹਿਲਾਂ ਹੀ ਕੰਮ ਕਰ ਰਹੀ ਹੈ ਅਤੇ ਮਹਾਕਾਲ ਇਸ ਕੇਸ ਵਿੱਚ ਪੁਲਸ ਨੂੰ ਇਸ ਕਤਲ ਅਤੇ ਹੋਰ ਕਈ ਕੇਸਾਂ ਦੇ ਦੋਸ਼ੀਆਂ ਤੱਕ ਪਹੁੰਚਾਉਣ ਦੀ ਕੜੀ ਸਾਬਤ ਹੋਵੇਗਾ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਸਿੱਧੂ ਮੂਸੇਵਾਲਾ ਦੀ ਰੈਕੀ ਕਰਨ ਵਾਲਾ ਸੰਦੀਪ ਕੇਕੜਾ ਅਤੇ ਅੱਠ ਹੋਰ ਦੋਸ਼ੀ, ਜਿਹੜੇ ਇਸ ਕਤਲ ਵਿੱਚ ਸ਼ਾਮਲ ਸਨ, ਫੜੇ ਜਾ ਚੁੱਕੇ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

Fresh Bite & Meats
FRESH, CLEAN & SAFE QUALITY MEATS
SERVING BRAMPTON SINCE 8 YEARS
Afgani Chicken Tikka $8.99 lb.
Goat Leg $5.99 lb.
Amritsari Fish Pakora $5.99 lb.
and much more!
OPENING JUNE 11th, 2022
3rd LOCATION GRAND OPENING
25 KINGS CROSS RD, #1, BRAMPTON, ON | (905) 790-3486
25 Cherry Crest Dr, Brampton, ON | 905-913-1114
65 Braydon Blvd, #7A, Brampton, ON | 905-913-1221
SUNDAY - THURSDAY: 10AM - 10PM | FRIDAY - SATURDAY: 10AM - 11PM
WE DO CATERERING (MINIMUM 30 PEOPLE)
Visit: www.freshbiteandmeat.com

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

NEED A LAWYER ??
KAUR LAW OFFICE
Red Seal NOTARY
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

# ਪੰਜਾਬੀ ਖੇਡ ਸਾਹਿਤ-97

# ਨਰਿੰਦਰ ਸਿੰਘ ਕਪੂਰ ਦੇ ਖੇਡਕਥਨ

-ਪ੍ਰਿੰ. ਸਰਵਣ ਸਿੰਘ-

ਨਰਿੰਦਰ ਸਿੰਘ ਕਪੂਰ ਵਿਲੱਖਣ ਵਾਰਤਕ ਦਾ ਖਿਡਾਰੀ ਹੈ। ਚਕਾਚੌਂਧ ਕਰਦੇ ਫਿਕਰਿਆਂ ਦਾ ਸਿਰਜਕ! ਅਖੇ ਵਾਰਤਕ ਟੁਰਦੀ ਹੈ, ਕਵਿਤਾ ਨੱਚਦੀ ਹੈ, ਆਲੋਚਨਾ ਪਰੇਡ ਕਰਦੀ ਹੈ। ਵਾਰਤਕ ਦੀ ਉਡਾਣ ਦੂਰ ਤਕ ਹੁੰਦੀ ਹੈ, ਕਵਿਤਾ ਦੀ ਬਹੁਤ ਉੱਚੀ। ਉਸ ਦੇਖੇਡਕਥਨ, ਖੇਡ ਮੈਦਾਨਾਂ ਦੀਆਂ ਕੰਧਾਂ ਅਤੇ ਸਟੇਡੀਅਮਾਂ ਦੀਆਂ ਪੌੜੀਆਂ ’ਤੇ ਲਿਖੇ ਜਾਣ ਲੱਗੇ ਹਨ। ਇਹਦਾ ਤੋਰਾ ਅਸੀਂ ਆਪਣੇ ਪਿੰਡ ਚਕਰ ਦੇ ਸਕੂਲ ਤੇ ਸਪੋਰਟਸ ਅਕੈਡਮੀ ਤੋਂ ਤੋਰਿਆ ਸੀ। ਮਸਲਨ:ਓਲੰਪਿਕਸ ਵਿਚ ਸੌ ਮੀਟਰ ਦੀ ਦੌੜ, ਦੌੜ ਨਹੀਂ; ਧਰਤੀ ਉਤੇ ਕੁਝ ਸਕਿੰਟਾਂ ਦੀ ਉਡਾਣ ਹੁੰਦੀ ਹੈ।ਕੁਸ਼ਤੀ-ਕਬੱਡੀ ਗਰੀਬਾਂ ਦੀਆਂ ਖੇਡਾਂ ਹਨ, ਹੋਰਨਾਂ ਖੇਡਾਂ ਲਈ ਸਾਮਾਨ ਦੀ ਲੋੜ ਪੈਂਦੀ ਹੈ ਪਰ ਇਨ੍ਹਾਂ ਖੇਡਾਂ ’ਚ ਕਪੜੇ ਵੀ ਲਾਹੁਣੇ ਪੈਂਦੇ ਹਨ।ਜਿੱਤਣ ਵਾਲੇ ਦੇ ਗਲ ’ਚ ‘ਹਾਰ’ ਇਸ ਲਈ ਪਾਏ ਜਾਂਦੇ ਹਨ ਤਾਂ ਕਿ ਉਹ ਜਿੱਤਾਂ ਨੂੰ ਹੀ ਨਹੀਂ, ‘ਹਾਰਾਂ’ ਨੂੰ ਵੀ ਯਾਦ ਰੱਖੇ।ਖੇਡਾਂ ਕਸਰਤ ਹੀ ਨਹੀਂ ਹੁੰਦੀਆਂ, ਇਹ ਮਨੁੱਖ ਵਿਚ ਆਪਸੀ ਸਦਭਾਵਨਾ ਅਤੇ ਜਿੱਤ ਦਾ ਭਰੋਸਾ ਉਪਜਾਉਂਦੀਆਂ ਹਨ।ਓਲੰਪਿਕਸ ਵਿਚ ਭਾਗ ਲੈਣ ਵਾਲੇ, ਚਾਰ ਸਾਲ ਦਾ ਗਰਭ ਹੰਢਾਉਂਦੇ ਹਨ।ਖੇਡਾਂ ਵਿਚ ਜਿੱਤ ਕਦੇ-ਕਦੇ ਹੁੰਦੀ ਹੈ, ਹਾਰ ਹੁੰਦੀ ਹੀ ਰਹਿੰਦੀ ਹੈ।

ਫੈਸਲਾਕੁਨ ਪੜਾਓ ਵਿਚ, ਫੁੱਟਬਾਲ ਦੀ ਖੇਡ, ਗੋਲਕੀਪਰ ਦੇ ਆਲੇ ਦੁਆਲੇ ਘੁੰਮਣ ਲੱਗ ਪੈਂਦੀ ਹੈ।ਚੈਂਪੀਅਨ ਨੂੰ ਅਸਫਲਤਾ ਦਾ ਡਰ ਹੁੰਦਾ ਹੈ, ਬਾਕੀਆਂ ਨੂੰ ਜਿੱਤਣ ਦਾ ਲਾਲਚ ਹੁੰਦਾ ਹੈ।ਸ਼ੈਂਪੇਨ ਜੇਤੂਆਂ ਲਈ ਹੁੰਦੀ ਹੈ, ਹਾਰਿਆਂ ਲਈ ਸ਼ਰਾਬ ਹੁੰਦੀ ਹੈ।ਪਿਆਰ ਦੀ ਖੇਡ ਵਿਚ, ਇਸਤਰੀ ਕੋਲ ਦਰਜਨਾਂ ਪੈਂਤੜੇ ਅਤੇ ਸੈਂਕੜੇ ਦਾਓ-ਪੇਚ ਹੁੰਦੇ ਹਨ।ਸੰਸਾਰ ਦੀ ਸਭ ਤੋਂ ਮਹਿੰਗੀ ਖੇਡ, ਯੁੱਧ ਕਹਿਲਾਉਂਦੀ ਹੈ।ਖੇਡ ਦੇ ਅਰਥ ਖੇਡਣ ਤੋਂ ਹਨ; ਜਦੋਂ ਖੇਡ, ਮੁਕਾਬਲਾ ਬਣ ਜਾਵੇ, ਖੇਡ ਗੁਆਚ ਜਾਂਦੀ ਹੈ ਅਤੇ ਦਿਲਚਸਪੀ ਖੇਡ ਵਿਚ ਨਹੀਂ, ਜਿੱਤ-ਹਾਰ ਵਿਚ ਰਹਿ ਜਾਂਦੀਹੈ।ਖੇਡਾਂ ਵਿਚ ਇਕ ਦੀ ਜਿੱਤ, ਕਈਆਂ ਦੀ ਹਾਰ ’ਤੇ ਉੱਸਰੀ ਹੁੰਦੀ ਹੈ। ਹਾਰਨ ਵਿਚ ਖਿਡਾਰੀਆਂ ਦਾ ਕੋਈ ਦੋਸ਼ ਨਹੀਂ ਹੁੰਦਾ; ਦੋਸ਼ ਉਨ੍ਹਾਂ ਵਿਚ ਹੁੰਦਾ ਹੈ, ਜਿਹੜੇ ਹਰ ਵਾਰੀ ਉਨ੍ਹਾਂ ਨੂੰ ਜਿੱਤਦੇ ਹੀ ਵੇਖਣਾ ਚਾਹੁੰਦੇ ਹੁੰਦੇ ਹਨ। ਖੇਡਾਂ ਅਸਲ ਜੀਵਨ ਨਹੀਂ ਹੁੰਦੀਆਂ, ਪਰ ਇਹ ਅਸਲ ਜੀਵਨ ਲਈ ਬੜੀ ਪੱਕੀ ਤਿਆਰੀ ਹੁੰਦੀਆਂ ਹਨ...।

ਨਰਿੰਦਰ ਸਿੰਘ ਕਪੂਰ ਪੰਜਾਬੀ ਦਾ ਪਾਪੂਲਰ ਲੇਖਕ ਹੈ। ਨਵੇਕਲੀ ਵਾਰਤਕ ਦਾ ਅਫ਼ਲਾਤੂਨ! ਉਹਦੇ ਪਾਠਕਹਜ਼ਾਰਾਂ ਦੀ ਗਿਣਤੀ ਵਿਚ ਹਨ। ਉਹਦੀਆਂ ਕਿਤਾਬਾਂ ਗਰਮ ਪਕੌੜਿਆਂ ਤੇ ਤਾਜ਼ਾ ਜਲੇਬੀਆਂ ਵਾਂਗ ਵਿਕਦੀਆਂ ਹਨ।ਉਸ ਦੇਅਜਿਹੇ ਫਿਕਰੇਉਹਦੇ ਫੈਨ ਨੋਟਬੁੱਕਾਂ ’ਚ ਨੋਟ ਕਰਦੇ ਰਹਿੰਦੇ ਹਨ: ਕਾਰਲ ਮਾਰਕਸ, ਰੱਬ ਨੂੰ ਨਾ ਮੰਨਣ ਵਾਲਿਆਂ ਦਾ ਰੱਬ ਹੈ। ਜਿਸ ਪਿਆਰ ਵਿਚ ਕੋਈ ਖ਼ਤਰਾ ਨਹੀਂ ਹੁੰਦਾ, ਉਹ ਵਿਆਹ ਹੁੰਦਾ ਹੈ। ਹੱਸਣ ਮਗਰੋਂ ਚਿਹਰਾ ਪੂੰਝਣਾ ਨਹੀਂ ਪੈਂਦਾ, ਰੋਣ ਮਗਰੋਂ ਧੋਣਾ ਵੀ ਪੈਂਦਾ ਹੈ। ਭਾਰਤੀ ਧਰਮਾਂ ਨੇ ਧਨ ਦੀ ਨਿੰਦਾ ਕਰ-ਕਰ ਕੇ, ਇਸ ਦਾ ਲਾਲਚ ਵਧਾ ਦਿੱਤਾ ਹੈ। ਆਪਣਾ ਭਵਿੱਖ ਜੋਤਸ਼ੀਆਂ ਤੋਂ ਪੁੱਛਣ ਵਾਲਿਆਂ ਦਾ ਕੋਈ ਭਵਿੱਖ ਹੁੰਦਾ ਹੀ ਨਹੀਂ। ਸੰਬੰਧ ਵਿਗੜੇ ਹੋਣ ਤਾਂ ਸਧਾਰਨ ਸ਼ਬਦ ਵੀ ਵਿਅੰਗ ਪ੍ਰਤੀਤ ਹੁੰਦੇ ਹਨ। ਇਕ ਸੰਸਾਰ ਵਿਚ ਅਸੀਂ ਜਿਊਂਦੇ ਹਾਂ, ਇਕ ਸੰਸਾਰ ਸਾਡੇ ਵਿਚ ਜਿਊਂਦਾ ਹੈ। ਕੁੜੀਆਂ ਨੂੰ ਵਿਆਹ ਵਾਲਾ ਜੀਵਨ ਨਹੀਂ, ਵਿਆਹ ਵਾਲਾ ਸਮਾਗਮ ਚੰਗਾ ਲਗਦਾ ਹੈ...।

2021 ਵਿਚ ਉਸ ਦੀ ਸਵੈਜੀਵਨੀ ‘ਧੁੱਪਾਂ-ਛਾਵਾਂ’ ਛਪੀ। ਉਸ ਦੇ ਸਰਵਰਕ ਉਤੇ ਛਪਿਆ ਹੈ: ਇਹ ਮੇਰੀ ਜ਼ਿੰਦਗੀ ਦੀਆਂ ਧੁੱਪਾਂ-ਛਾਵਾਂ ਦੀ ਸੰਖੇਪ ਕਹਾਣੀ ਹੈ। ਮੇਰੇ ਬਚਪਨ ਵਿਚ ਮੁਸ਼ਕਿਲਾਂ ਸਨ ਪਰ ਅਸੰਭਵ ਕੁਝ ਨਹੀਂ ਸੀ। ਜਵਾਨੀ ਵਿਚ ਹਾਰਾਂ ਅਤੇ ਅਸਫਲਤਾਵਾਂ ਅਨੇਕਾਂ ਸਨ ਪਰ ਅਵਸਰਾਂ ਅਤੇ ਅਨੁਭਵਾਂ ਦੀਆਂ ਡੂੰਘੀਆਂ ਸਿੱਖਰਾਂ ਦੀ ਵੀ ਭਰਮਾਰ ਸੀ। ਜ਼ਿੰਦਗੀ ਦੀ ਹਰ ਸਵੇਰ ਵਿਚ ਸੱਜਰੀ ਉਮੀਦ ਸੀ। ਮਸ਼ਾਲਾਂ ਵਰਗੇ ਸਾਥੀਆਂ ਅਤੇ ਫੁਲਕਾਰੀਆਂ ਵਰਗੀਆਂ ਨਾਰਾਂ ਨੇ ਮੇਰੀਆਂ ਉਦਾਸੀਆਂ ਵਿਚ ਸ਼ਿੱਦਤ ਅਤੇ ਮਾਯੂਸੀਆਂ ਵਿਚ ਰੌਣਕ ਭਰੀ ਹੈ। ਜਿੱਤ ਦੇ ਭਰੋਸੇ ਵਾਲੀ ਇਹ ਸਵੈਜੀਵਨੀ ਜ਼ਿੰਦਗੀ ਦੀਆਂ ਵੰਗਾਰਾਂ ਅਤੇ ਚਣੌਤੀਆਂ ਵਿਚੋਂ ਤਲਾਸ਼ੇ ਅਵਸਰਾਂ ਦੀ ਦਾਸਤਾਨ ਹੈ, ਜਿਸ ਵਿਚ ਖੁੱਲ੍ਹੀਆਂ ਅੱਖਾਂ ਨਾਲ ਵੇਖੇ ਸੁਪਨਿਆਂ ਦੇ ਰੰਗ ਅਤੇ ਜੀਵਨ ਵਿਚ ਕਮਾਏ ਅਤੇ ਮਾਣੇ ਝੂਟਿਆਂ ਦੇ ਹੁਲਾਰੇ ਹਨ।

ਉਸ ਦੀਆਂ ਪਹਿਲਾਂ ਛਪੀਆਂਪੁਸਤਕਾਂ ਦੇ ਨਾਂ ਹਨ: ਸੱਚੋ-ਸੱਚ, ਦਰ-ਦਰਵਾਜ਼ੇ, ਰਾਹ-ਰਸਤੇ, ਮਾਲਾ ਮਣਕੇ, ਮਾਲਾ ਮਣਕੇ ਭਾਗ ਦੂਜਾ, ਕੱਲਿਆਂ ਦਾ ਕਾਫ਼ਲਾ, ਖਿੜਕੀਆਂ, ਕੁੰਜੀਆਂ, ਬੁਨਿਆਦਾਂ, ਡੂੰਘੀਆਂ ਸਿਖਰਾਂ, ਅੰਤਰ-ਝਾਤ, ਆਹਮੋ-ਸਾਹਮਣੇ, ਬੂਹੇ-ਬਾਰੀਆਂ, ਸੁਖ਼ਨ-ਸੁਨੇਹੇ, ਮੇਲ-ਜੋਲ, ਵਿਆਖਿਆ ਵਿਸ਼ਲੇਸ਼ਣ, ਤਰਕਵੇਦ, ਰੋਸ਼ਨੀਆਂ, ਨਿੱਕੀਆਂ-ਨਿੱਕੀਆਂ ਗੱਲਾਂ, ਮੇਲ-ਜੋਲ ਤੇ ਸ਼ੁਭ ਇੱਛਾਵਾਂ। ਉਸ ਨੇ ਆਲੋਚਨਾ ਤੇ ਖੋਜਦੀਆਂ ਚਾਰ ਪੁਸਤਕਾਂ ਲਿਖਣ ਨਾਲ ਪੰਜ ਪੁਸਤਕਾਂ ਦੇ ਅਨੁਵਾਦ ਵੀ ਛਪਵਾਏ ਹਨ।ਉਹਦੀ ਸਵੈਜੀਵਨੀ ਇੰਜ ਤੁਰਦੀ ਹੈ: ਆਪਣੀ ਸਵੈਜੀਵਨੀ ਵਿਚ ਮੈਂ ਆਪਣੇ ਬਚਪਨ ਦੇ ਵੇਰਵੇ ਵਿਸਥਾਰ ਨਾਲ ਦਰਜ ਕੀਤੇ ਹਨ ਕਿਉਂਕਿ ਮੇਰਾ ਬਚਪਨ ਆਮ ਬੱਚਿਆਂ ਦੇ ਬਚਪਨ ਤੋਂ ਵੱਖਰੀ ਭਾਂਤ ਦਾ ਸੀ। ਜਿਹੜਾ ਆਮ ਬੱਚਿਆਂ ਲਈ ਖੇਡਣ ਦਾ ਸਮਾਂ ਸੀ, ਉਹ ਮੇਰੇ ਲਈ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਭਾਂਤ-ਭਾਂਤ ਦੇ ਕੰਮ ਕਰਨ ਦਾ ਸਮਾਂ ਸੀ, ਜਿਸ ਤੋਂ ਨਿਆਰੇ ਅਨੁਭਵ ਪ੍ਰਾਪਤ ਹੁੰਦੇ ਰਹੇ।

ਬਚਪਨ ਵਿਚ ਹੀ ਮੈਂ ਇਕ ਅਖ਼ਬਾਰ ਵਿਚ ਕੰਮ ਕਰਨ ਲੱਗ ਪਿਆ ਸਾਂ ਅਤੇ ਅਜਿਹਾ ਵਾਪਰਨਾ ਮੇਰੇ ਜੀਵਨ ਵਿਚ ਇਕ ਸੁਨਹਿਰੀ ਮੋੜ ਸੀ, ਕਿਉਂਕਿ ਇਥੇ ਕੰਮ ਕਰਦਿਆਂ ਸਾਰਾ ਸੰਸਾਰ ਮੇਰੇ ਸਾਹ-ਮਣੇ ਖੁੱਲ੍ਹ ਗਿਆ ਸੀ। ਇਸ ਅਨੁਭਵ ਦੀ ਬਦੌਲਤ ਹੀ ਮੈਂ ਜਰਨਲਿਜ਼ਮ ਦੇ ਵਿਸ਼ੇ ’ਤੇ ਪੀਐਚਡੀ ਕੀਤੀ, ਲਿਖਣਾ ਆਰੰਭਿਆ ਅਤੇ ਜਰਨਲਿਜ਼ਮ ਦਾ ਪ੍ਰੋਫ਼ੈਸਰ ਬਣਿਆ। ਸਕੂਲ ਵਿਚ ਗੁਜ਼ਾਰਿਆ ਸਮਾਂ ਬੜਾ ਦਿਲਚਸਪ, ਰੰਗੀਨ ਅਤੇ ਯਾਦਗਾਰੀ ਅਨੁਭਵ ਸੀ। ਬਿਜਲੀ ਬੋਰਡ ਅਤੇ ਬੈਂਕ ਵਿਚ ਗੁਜ਼ਾਰਿਆ ਸਮਾਂ, ਯੂਨੀਵਰਸਿਟੀ ਵਿਚ ਦਾਖਲ ਹੋ ਕੇ ਪੜ੍ਹਨ ਲਈ ਤਿਆਰੀਅਤੇ ਮਾਇਕ ਸਰੋਤ ਜੁਟਾਉਣ ਦਾ ਸਮਾਂ ਸੀ। ਮੇਰੇ ਜੀਵਨ ਵਿਚ ਯੂਨੀਵਰਸਿਟੀ ਵਿਚ ਦਾਖਲ ਹੋ ਕੇ ਕੀਤੀ ਐਮਏ ਅੰਗਰੇਜ਼ੀ ਦੀ ਪੜ੍ਹਾਈ ਲਲਾਰੀ ਦਾ ਉਹ ਤੱਸਲਾ ਸਾਬਤ ਹੋਈ, ਜਿਥੇ ਮੇਰੇ ਖੱਦਰ ਉਤੇ ਰੇਸ਼ਮੀ ਰੰਗ ਚੜ੍ਹਿਆ ਸੀ। ਤਿੰਨ ਕਾਲਜਾਂ ਵਿਚ ਅਧਿਆਪਨ ਕਰਨਾ ਅਤੇ ਅਗਲੇਰੀ ਪੜ੍ਹਾਈ ਜਾਰੀ ਰੱਖਣਾ, ਯੂਨੀਵਰਸਿਟੀ ਵਿਚ ਮੇਰੀ ਨਿਯੁਕਤੀ ਦਾ ਕਾਰਨ ਬਣਿਆ। ਯੂਨੀਵਰਸਿਟੀ ਵਿਚ ਪਹਿਲਾਂ ਹੀ ਨਿਯੁਕਤ, ਲੜਕੀ ਨਾਲ ਮੇਰੇ ਵਿਆਹ ਨਾਲ ਬਣੀ ਪਤਨੀ, ਮੇਰੀ ਜ਼ਿੰਦਗੀ ਦੀ ਬਰਕਤ ਸਾਬਤ ਹੋਈ। ਮੇਰੇ ਪੀਐਚਡੀ ਕਰਦਿਆਂ ਹੀ ‘ਪੰਜਾਬੀ ਟ੍ਰਿਬਿਊਨ’ ਦਾ ਆਰੰਭ ਹੋਣਾ ਮੇਰੇ ਲਈ ਵਰਦਾਨ ਹੋਇਆ, ਜਿਸ ਵਿਚ ਮੈਂ ਦਾਰਸ਼ਨਿਕ ਅਤੇ ਮਨੋਵਿ-ਗਿਆਨਕ ਵਾਰਤਕ ਦੀ ਰਚਨਾ ਕਰਦਾ ਤੇ ਛਪਵਾਉਂਦਾ ਰਿਹਾ। ਇਵੇਂ ਮੇਰਾ ਪਾਠਕ-ਵਰਗ ਉਸਰਦਾ ਗਿਆ। ਯੂਨੀਵਰਸਿਟੀ ਵਿਚ ਮੇਰੀ ਕਲਾਸ ਵਿਚ ਤੀਹ ਵਿਦਿਆਰਥੀ ਹੁੰਦੇ ਸਨ ਪਰੰਤੂ ‘ਪੰਜਾਬੀ ਟ੍ਰਿਬਿਊਨ’ ਰਾਹੀਂ ਸੈਂਕੜੇ-ਹਜ਼ਾਰਾਂ ਪਾਠਕ-ਵਿਦਿਆਰਥੀ ਮੇਰੇ ਸੰਪਰਕ ਵਿਚ ਆਏ।


ਪੁਰਸ਼ਾਂ ਦੇ ਮੁਕਾਬਲੇ ਮਿਲਣ ਵਾਲੀਆਂ ਇਸਤਰੀਆਂ ਵਧੇਰੇ ਦਿਲਚਸਪ ਅਤੇ ਗੁੰਝਲਦਾਰ ਸਨ। ਕੁਝ ਲੜਾਕੀਆਂ ਅਤੇ ਨਿਰਮੋਹੀਆਂ ਸਨ ਪਰ ਬਹੁਤੀਆਂ ਮਮਤਾ ਦੀਆਂ ਮੂਰਤੀਆਂ ਸਨ। ਕਈ ਸੋਹਣੀਆਂ, ਸੁਨੱਖੀਆਂ, ਸਿਆਣੀਆਂ ਅਤੇ ਮਿਹਰਬਾਨ ਇਸਤਰੀਆਂ ਦੇ ਸੰਪਰਕ ਵਿਚ ਆਉਣ ਦਾ ਅਵਸਰ ਮਿਲਿਆ। ਕਈਆਂ ਨੂੰ ਮੈਂ ਪਿਆਰ ਕੀਤਾ ਪਰ ਕਿਸੇ ਨੇ ਮੈਨੂੰ ਪਿਆਰ ਕਰਨ ਯੋਗ ਨਹੀਂ ਸਮਝਿਆ। ਇਸ ਮਾਯੂਸੀ ਅਤੇ ਉਦਾਸੀ ਕਾਰਨ ਪਏ ਘਾਟੇ ਨੂੰ, ਨਫ਼ੇ ਵਿਚ ਬਦਲਣ ਲਈ, ਮੈਂ ਫ਼ਿਲਾਸਫ਼ੀ ਵੱਲ ਝੁਕਿਆ। ਲਿਖਣ ਜਾਂ ਪੜ੍ਹਨ ਵਾਸਤੇ ਮੈਨੂੰ ਮੂਡ ਬਣਾਉਣ ਦੀ ਲੋੜ ਨਹੀਂ ਪੈਂਦੀ। ਮੈਨੂੰ ਪਤਵੰਤਿਆਂ ਦੀ ਥਾਂ ਸਾਧਾਰਨ ਇਸਤਰੀਆਂ ਅਤੇ ਪੁਰਸ਼ ਚੰਗੇ ਲੱਗਦੇ ਹਨ। ਸਮੁੱਚੇ ਰੂਪ ਵਿਚ ਮੈਂ ਸਾਧਾਰਨ, ਸਰਲ ਅਤੇ ਸੰਜਮੀ ਆਦਤਾਂ ਵਾਲਾ ਔਸਤ ਵਿਅਕਤੀ ਹਾਂ, ਇਵੇਂ ਤੁਹਾਡੇ ਹੱਥ ਵਿਚ ਇਕ ਸਾਧਾਰਨ ਵਿਅਕਤੀ ਦੀ ਸਵੈਜੀਵਨੀ ਹੈ। ਮੇਰੇ ਕਹਿਣ ’ਤੇ ਉਸ ਨੇ ਆਪਣੇ ਜੀਵਨ ਵਿਚ ਖੇਡਾਂ ਬਾਰੇ ਵੀਆਪਣੀ ਸੁੰਦਰ ਹੱਥਲਿਖਤ ਭੇਜੀ ਜੋ ਉਸ ਦੀ ਸਵੈਜੀਵਨੀ ’ਚ ਨਵਾਂ ਵਾਧਾ ਹੈ:

ਮੇਰੇ ਜੀਵਨ ਦੀਆਂ ਖੇਡਾਂ

ਦੇਸ਼ ਆਜ਼ਾਦੀ ਦਾ ਜਸ਼ਨ ਮਨਾ ਰਿਹਾ ਸੀ ਅਤੇ ਅਸੀਂ ਉਜਾੜੇ ਦਾ ਸੰਤਾਪ ਭੋਗ ਰਹੇ ਸਾਂ। ਮੇਰੀ ਜਿਹੜੀ ਉਮਰ ਨਾਲ ਖਿਡੌਣਿਆਂ ਦਾ ਸੰਬੰਧ ਹੋਣਾ ਸੀ, ਉਹ ਸਮਾਂ ਅਸੀਂ ਮਜਬੂਰੀਆਂ ਅਤੇ ਮਾਯੂਸੀਆਂ ਨਾਲ ਜੂਝਦੇ ਰਹੇ। ਲਗਭਗ ਪੰਦਰ੍ਹਾਂ ਸਾਲ ਉੱਜੜੇ ਹੋਏ ਸ਼ਰਨਾਰਥੀਆਂ ਨੂੰ ਆਪਣੇ ਪੈਰਾਂ ’ਤੇ ਖਲੋਣ ਵਿਚ ਲੱਗ ਗਏ। ਮੈਨੂੰ ਯਾਦ ਹੈ ਕਿ ਰਸੋਈ ਦੇ ਥੋੜ੍ਹੇ ਜਿਹੇ ਭਾਂਡਿਆਂ ਨੂੰ ਇਕ ਲਾਈਨ ਵਿਚ ਰੱਖ ਕੇ ਕੜਛੀ ਜਾਂ ਚਮਚੇ ਨਾਲ ਉਨ੍ਹਾਂ ਨੂੰ ਵਜਾਉਂਦੇ ਸਾਂ। ਇਹ ਮੇਰਾ ਜਲਤਰੰਗ ਸੀ। ਹਰੇਕ ਕੌਲੀ-ਗਲਾਸ ਦਾ ਆਕਾਰ ਅਤੇ ਰੂਪ ਵੱਖਰਾ ਹੋਣ ਕਰਕੇ ਆਵਾਜ਼ਾਂ ਵੱਖਰੀਆਂ ਹੁੰਦੀਆਂ ਸਨ। ਮੈਂ ਮਹਿਸੂਸ ਕੀਤਾ ਹੈ ਕਿ ਖੇਡ ਖਿਡੌਣਿਆਂ ਵਿਚ ਨਹੀਂ ਹੁੰਦੀ, ਖੇਡ ਬੱਚੇ ਦੇ ਅੰਦਰ ਹੁੰਦੀ ਹੈ ਅਤੇ ਬੱਚੇ ਨੂੰ ਜੋ ਕੁਝ ਵੀ ਮਿਲੇ, ਉਹ ਉਸੇ ਨਾਲ ਖੇਡ ਸਿਰਜ ਲੈਂਦਾ ਹੈ। ਕੁਝ ਬੱਚੇ ਲੁਡੋ ਖੇਡਦੇ ਸਨ, ਜਿਸ ਵਿਚ ਸੱਪਾਂ ਨਾਲ ਥੱਲੇ ਲੁੜ੍ਹਕਣ ਅਤੇ ਪੌੜੀਆਂ ਨਾਲ ਉਪਰ ਜਾਇਆ ਜਾਂਦਾ ਸੀ। ਅਸੀਂ ਸ਼ਰਨਾਰਥੀ ਕੈਂਪ ਵਿਚ ਰਹਿੰਦੇ ਸਾਂ, ਜਿਥੇ ਸੰਗਰਾਂਦ-ਪੂਰਨਮਾਸ਼ੀ ਵਾਲੇ ਦਿਨ ਸਾਡੀ ਮਾਂ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਲੰਗਰ ਦੀ ਸੇਵਾ ਕਰਨ ਚਲੀ ਜਾਇਆ ਕਰਦੀ ਸੀ ਅਤੇ ਅਸੀਂ ਦੁਪਹਿਰ ਦਾ ਅਤੇ ਕਈ ਵਾਰ ਸਵੇਰ ਦਾ ਬਚਿਆ ਲੰਗਰ ਰਾਤ ਨੂੰ ਖਾਣ ਲਈ ਗੁਰਦੁ-ਆਰੇ ਪਹੁੰਚਣ ਲਈ ਦੌੜ ਕੇ ਜਾਇਆ ਕਰਦੇ ਸਾਂ। ਕੈਂਪ ਤੋਂ ਗੁਰਦੁਆਰਾ ਲਗਭਗ ਤਿੰਨ ਫਰਲਾਂਗ ਦੂਰ ਸੀ ਪਰ ਜਾਂਦੇ ਅਸੀਂ ਦੌੜ ਕੇ ਹੀ ਸਾਂ, ਇਹ ਸਾਡਾ ਅਥਲੈਟਿਕ ਮੁਕਾਬਲਾ ਹੁੰਦਾ ਸੀ।

ਜਦੋਂ ਸਾਨੂੰ ਸ਼ਹਿਰ ਵਿਚ ਇਕ ਛੋਟਾ ਜਿਹਾ ਮਕਾਨ ਅਲਾਟ ਹੋ ਗਿਆ ਤਾਂ ਅਸੀਂ ਰਾਤ ਵੇਲੇ ਘਰ ਦੇ ਨੇੜਲੇ ਗੁਰਦੁਆਰੇ ਜਾਂਦੇ ਸਾਂ। ਗੁਰਦੁਆਰੇ ਅੰਦਰ ਖੁੱਲ੍ਹੀ ਥਾਂ ਸੀ ਜਿਥੇ ਬੱਚੇ ਰਲ ਕੇ ਲੁਕਣ-ਮੀਟੀ ਖੇਡਦੇ ਸਨ। ਅਸਲ ਗੱਲ ਇਹ ਸੀ ਕਿ ਗੁਰਦੁਆਰੇ ਅੰਦਰ ਬੈਠੇ ਬਾਬੇ ਅਸੀਂ ਆਪਸ ਵਿਚ ਵੰਡੇ ਹੋਏ ਸਨ। ਕੀਰਤਨ ਸਾਨੂੰ ਸਮਝ ਨਹੀਂ ਸੀ ਪੈਂਦਾ, ਜਿਸ ਕਾਰਨ ਅਸੀਂ ਬਾਹਰ ਖੇਡਦੇ ਸਾਂ ਪਰ ਸਾਨੂੰ ਪਛਾਣ ਸੀ ਕਿ ਤੇਜ਼-ਤੇਜ਼ ਗਾਏ ਜਾਣ ਵਾਲੇ ਅਨੰਦ ਸਾਹਿਬ ਮਗਰੋਂ ਅਰਦਾਸ ਹੁੰਦੀ ਸੀ ਜਿਸ ਮਗਰੋਂ ਪ੍ਰਸ਼ਾਦ ਮਿਲਦਾ ਸੀ। ਅਸੀਂ ਅਰਦਾਸ ਵੇਲੇ ਆਪਣੇ ਬਾਬੇ ਕੋਲ ਪਹੁੰਚ ਜਾਂਦੇ ਸਾਂ। ਸਾਨੂੰ ਆਪਣਾ ਪ੍ਰਸ਼ਾਦ ਤਾਂ ਮਿਲਦਾ ਹੀ ਸੀ, ਬਾਬੇ ਵੀ ਆਪਣਾ ਪ੍ਰਸ਼ਾਦ ਦੇ ਦਿੰਦੇ ਸਨ। ਬਚਪਨ ਦੌਰਾਨ ਸਾਡਾ ਧਿਆਨ ਖੇਡਾਂ ਵੱਲ ਨਹੀਂ, ਕੁਝ ਖਾਣ-ਪੀਣ ਵੱਲ ਵਧੇਰੇ ਹੁੰਦਾ ਸੀ। ਭੁੱਖ ਲੱਗੀ ਹੀ ਰਹਿੰਦੀ ਸੀ, ਜਿਥੋਂ ਜੋ ਮਿਲ ਜਾਂਦਾ ਸੀ, ਉਸ ਨੂੰ ਸੁਆਦ ਨਾਲ ਖਾ ਲਿਆ ਜਾਂਦਾ ਸੀ। ਹੋਰ ਬੱਚਿਆਂ ਨਾਲ ਗੁਜ਼ਾਰੇ ਇਸ ਸਮੇਂ ਦੌਰਾਨ ਅਸੀਂ ਲਾਪ੍ਰਵਾਹ ਤੇ ਬੇਪ੍ਰਵਾਹ ਹੁੰਦੇ ਸਾਂ। ਦੌੜ ਭੱਜ ਹੋਣ ਕਾਰਨ ਸਾਨੂੰ ਸਭ ਕੁਝ ਸੌਖਿਆਂ ਹੀ ਹਜ਼ਮ ਹੋ ਜਾਂਦਾ ਸੀ।

ਉਜਾੜੇ ਕਾਰਨ ਵੱਡੀ ਗਿਣਤੀ ਵਿਚ ਸ਼ਰਨਾਰਥੀ ਪਟਿਆਲੇ ਆਏ ਸਨ। ਇਵੇਂ ਜੀਵਨ ਦੇ ਮੁੱਢਲੇ ਸਾਲ, ਹੋਰਾਂ ਵਾਂਗ ਮੈਂ ਵੀ ਗਰੀਬੀ ਅਤੇ ਮਜਬੂਰੀਆਂ ਨਾਲ ਖੇਡਦਾ ਰਿਹਾ। ਉਂਜ ਉਸ ਵੇਲੇ ਦੀਆਂ ਖੇਡਾਂ ਵਿਚ ਮੁੰਡਿਆਂ ਲਈ ਗੁੱਲੀ-ਡੰਡਾ ਅਤੇ ਬੰਟੇ ਖੇਡੇ ਜਾਂਦੇ ਸਨ। ਕੁੜੀਆਂ ਪੀਚੋ, ਅੱਡੀ-ਟੱਪਾ ਅਤੇ ਗੀਟੇ ਖੇਡਦੀਆਂ ਸਨ। ਸਾਡੇ ਘਰ ਨੇੜੇ ਇਕ ਪਾਰਕ ਹੁੰਦਾ ਸੀ ਜਿਸ ਵਿਚ ਜਲਸੇ ਹੁੰਦੇ। ਇਹ ਪਾਰਕ ਦਿਨ ਵੇਲੇ ਖਾਲੀ ਹੁੰਦਾ ਸੀ, ਜਿਥੇ ਅਸੀਂ ਗੁੱਲੀ-ਡੰਡਾ ਖੇਡਦੇ ਸਾਂ। ਸਾਡੇ ਨਾਲ ਚੋਚੋ ਨਾਂ ਦੀ ਇਕ ਕੁੜੀ ਵੀ ਗੁੱਲੀ-ਡੰਡਾ ਖੇਡਦੀ ਸੀ, ਜਿਹੜੀ ਮੁੰਡਿਆਂ ਵਾਂਗ ਟੁਰਦੀ ਅਤੇ ਮੁੰਡਿਆਂ ਵਾਂਗ ਹੀ ਬੋਲਦੀ ਸੀ। ਮਹੱਤਵਪੂਰਨ ਗੱਲ ਇਹ ਸੀ ਕਿ ਉਹ ਅਕਸਰ ਹੀ ਮੁੰਡਿਆਂ ਨੂੰ ਹਰਾ ਦਿੰਦੀ ਸੀ। ਰਾਤ ਦੀ ਰੋਟੀ ਖਾ ਕੇ ਮੁੰਡੇ-ਕੁੜੀਆਂ ਗਲ਼ੀ ਵਿਚ ਹੀ ਲੁਕਣ-ਮੀਟੀ ਖੇਡਦੇ ਸਾਂ। ਕਈ ਖੇਡਾਂ ਅਸੀਂ ਆਪ ਹੀ ਸਿਰਜ ਲੈਂਦੇ ਸਾਂ। ਹੁਣ ਤਾਂ ਸਾਡੇ ਬਚਪਨ ਦੀਆਂ ਖੇਡਾਂ ਲੋਪ ਹੀ ਹੋ ਗਈਆਂ ਹਨ। ਮੈਨੂੰ ਯਾਦ ਹੈ ਕਿ ਸਾਡੇ ਕੋਲ ਖੇਡਣ ਦੇ ਵਸੀਲੇ ਤੇ ਸਾਮਾਨ ਨਾ ਹੋਣ ਕਾਰਨ ਅਸੀਂ ਸੈਰ ਬਹੁਤ ਕਰਦੇ ਸਾਂ। ਜਿਸ ਨੂੰ ਜਿਹੜਾ ਸਾਈਕਲ ਮਿਲ ਜਾਂਦਾ ਸੀ, ਉਹ ਉਸ ਨੂੰ ਖੂਬ ਚਲਾਉਂਦਾ ਸੀ। ਅਸੀਂ ਸਾਈਕਲਾਂ ’ਤੇ ਚੰਡੀਗੜ੍ਹ ਤਕ ਚਲੇ ਜਾਂਦੇ ਸਾਂ। ਜਿਸ ਸਕੂਲ ਵਿਚ ਮੈਂ ਪੜ੍ਹਿਆ ਉਸ ਦੀ ਗਰਾਊਂਡ ਨਹੀਂ ਸੀ, ਜਿਸ ਕਾਰਨ ਸਕੂਲ ਵਿਚ ਖੇਡਣ ਦਾ ਕੋਈ ਪ੍ਰਬੰਧ ਨਹੀਂ ਸੀ। ਅਸੀਂ ਖੇਡੇ ਤਾਂ ਘੱਟ ਪਰ ਭੱਜ-ਦੌੜ ਵਾਲਾ ਕੰਮ ਬਹੁਤ ਕਰਦੇ ਸਾਂ, ਜਿਸ ਕਾਰਨ ਸਾਡੀ ਖੂਬ ਕਸਰਤ ਹੋ ਜਾਂਦੀ ਸੀ ਅਤੇ ਅਸੀਂ ਰਿਸ਼ਟ-ਪੁਸ਼ਟ ਰਹਿੰਦੇ ਸਾਂ। ਮੈਨੂੰ ਨਹੀਂ ਯਾਦ ਕਿ ਮੈਂ ਕਦੇ ਬਿਮਾਰ ਪਿਆ ਸਾਂ। ਮੈਂ ਬਚਪਨ ਵਿਚ ਹੀ ਕੰਮ ਕਰਨ ਲੱਗ ਪਿਆ ਸਾਂ ਪਰ ਸਾਡਾ ਰੋਜ਼ ਸਕੂਲ ਜਾਣਾ ਨਿਸ਼ਚਿਤ ਸੀ।



ਬੀਏ ਦੀ ਪੜ੍ਹਾਈ ਮੈਂ ਪ੍ਰਾਈਵੇਟ ਵਜੋਂ ਕੀਤੀ ਅਤੇ ਐਮਏ ਅੰਗਰੇਜ਼ੀ ਮੈਂ ਪੰਜਾਬੀ ਯੂਨੀਵਰਸਿਟੀ ਤੋਂ ਕੀਤੀ। ਮੈਨੂੰ ਤਿੰਨ ਸਰਕਾਰੀ ਕਾਲਜਾਂ, ਨਾਭਾ, ਸੰਗਰੂਰ ਅਤੇ ਮਹਿੰਦਰਾ ਕਾਲਜ ਵਿਚ ਪੜ੍ਹਾਉਣ ਦਾ ਅਵਸਰ ਮਿਲਿਆ। ਇਨ੍ਹਾਂ ਕਾਲਜਾਂ ਵਿਚ ਖੇਡਾਂ ਦਾ ਚੰਗਾ ਪ੍ਰਬੰਧ ਸੀ। ਸੰਗਰੂਰ ਮੈਂ ਚਾਰ ਸਾਲ ਰਿਹਾ ਜਿਥੇ ਮੈਂ ਫੁੱਟਬਾਲ ਦੀ ਖੇਡ ਦਾ ਇਨਚਾਰਜ ਹੁੰਦਾ ਸੀ ਅਤੇ ਟੀਮ ਨੂੰ ਵੱਖ-ਵੱਖ ਕਾਲਜਾਂ ਵਿਚ ਮੁਕਾਬਲੇ ਦੇ ਮੈਚਾਂ ਲਈ ਲੈ ਕੇ ਜਾਂਦਾ ਸਾਂ। ਸੰਗਰੂਰ ਅਤੇ ਮਲੇਰਕੋਟਲਾ ਦੀਆਂ ਟੀਮਾਂ ਮਜ਼ਬੂਤ ਸਨ। ਉਂਜ ਵੀ ਸੰਗਰੂਰ ਵਿਚ ਸ਼ਾਮ ਨੂੰ ਖੇਡਾਂ ਖੇਡਣ ਦਾ ਰਿਵਾਜ ਸੀ। ਸੰਗਰੂਰ ਦੀ ਬੌਕਸਿੰਗ ਟੀਮ ਪੰਜਾਬ ਵਿਚ ਮੋਹਰੀ ਟੀਮ ਹੁੰਦੀ ਸੀ। ਜਦੋਂ ਮੈਂ ਮਹਿੰਦਰਾ ਕਾਲਜ ਵਿਚ ਆਇਆ ਤਾਂ ਇਥੇ ਮੈਂ ਤੈਰਾਕੀ ਸਿੱਖੀ। ਮਹਿੰਦਰਾ ਕਾਲਜ ਵਿਦਵਾਨ ਪ੍ਰੋਫ਼ੈਸਰਾਂ ਅਤੇ ਉੱਘੇ ਖਿਡਾਰੀਆਂ ਲਈ ਖ਼ਾਲਸਾ ਕਾਲਜ ਅੰਮ੍ਰਿਤਸਰ ਵਾਂਗ ਪ੍ਰਸਿੱਧ ਰਿਹਾ ਹੈ। ਮਹਿੰਦਰਾ ਕਾਲਜ ਵਿਚ ਕੁਝ ਨਾ ਕੁਝ ਹੁੰਦਾ ਹੀ ਰਹਿੰਦਾ ਸੀ, ਜਿਹੜਾ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਹੁਲਾਰਾ ਦਿੰਦਾ ਸੀ।

ਪੰਜ ਸਾਲ ਤਿੰਨ ਕਾਲਜਾਂ ਵਿਚ ਅਧਿਆਪਨ ਦਾ ਕਾਰਜ ਕਰ ਕੇ ਮੈਂ ਪੰਜਾਬੀ ਯੂਨੀਵਰਸਿਟੀ ਵਿਚ ਨਿਯੁਕਤ ਹੋ ਗਿਆ। ਪੰਜਾਬੀ ਯੂਨੀਵਰਸਿਟੀ, ਪੰਜਾਬ ਯੂਨੀਵਰਸਿਟੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਖੇਡਾਂ ਦੇ ਪੱਖੋਂ ਦੇਸ਼ ਦੀਆਂ ਸਿਰਕੱਢ ਯੂਨੀਵਰਸਿਟੀਆਂ ਰਹੀਆਂ ਹਨ ਅਤੇ ਖੇਡਾਂ ਦੀ ਦੇਸ਼ ਦੀ ਵੱਕਾਰੀ ਮਾਕਾ ਟਰਾਫੀ ਇਨ੍ਹਾਂ ਤਿੰਨਾਂ ਵਿਚੋਂ ਕਿਸੇ ਇਕ ਯੂਨੀਵਰਸਿਟੀ ਨੂੰ ਮਿਲਦੀ ਰਹੀ ਹੈ। ਯੂਨੀਵਰਸਿਟੀ ਦੇ ਨੇੜੇ ਹੀ ਰਹਾਇਸ਼ ਹੋਣ ਕਰਕੇ ਮੈ ਸਵੇਰੇ-ਸ਼ਾਮ ਸੈਰ ਕਰਨ ਯੂਨੀਵਰਸਿਟੀ ਜਾਂਦਾ ਰਿਹਾ ਹਾਂ। ਯੂਨੀਵਰਸਿਟੀ ਦੇ ਵਾਲੀਬਾਲ ਕੋਚ ਮੇਰੇ ਮਿੱਤਰ ਬਣ ਗਏ ਸਨ ਅਤੇ ਸ਼ਾਮ ਮੈਂ ਅਕਸਰ ਉਨ੍ਹਾਂ ਵੱਲੋਂ ਕਰਵਾਏ ਜਾਂਦੇ ਅਭਿਆਸੀ ਮੈਚਾਂ ਨੂੰ ਵੇਖਦਾ ਰਿਹਾ ਹਾਂ। ਭਾਵੇਂ ਕਿਸੇ ਪ੍ਰਮਾਣਕ ਖੇਡ ਦਾ ਸਰਗਰਮ ਖਿਡਾਰੀ ਤਾਂ ਨਹੀਂ ਰਿਹਾ ਪਰ ਖੇਡਾਂ ਵਿਚ ਮੈਂ ਦਿਸਚਸਪੀ ਜ਼ਰੂਰ ਲੈਂਦਾ ਰਿਹਾਂ ਹਾਂ।ਮੇਰਾ ਇਕ ਬੇਟਾ ਸਕੇਟਿੰਗ ਕਰਦਾ ਰਿਹਾ ਹੈ। ਮੇਰੀ ਬੇਟੀ ਟੇਬਲ ਟੈਨਿਸ ਦੀ ਨੈਸ਼ਨਲ ਪੱਧਰ ਦੀ ਜੂਨੀਅਰ ਖਿਡਾਰਨ ਹੈ ਅਤੇ ਆਈਏਐਸ ਅਧਿਕਾਰੀ ਹੋਣ ਦੇ ਬਾਵਜੂਦ ਉਹ ਹੁਣ ਵੀ ਖੇਡਾਂ ਵਿਚ ਭਾਗ ਲੈਂਦੀ ਹੈ ਤੇ ਮੈਰਾਥਨ ਰੱਨਰ ਹੈ। ਮੇਰੀ ਧਾਰਨਾ ਹੈ ਕਿ ਬੱਚਿਆਂ ਨੂੰ ਅਜਿਹੇ ਸਕੂਲ ਵਿਚ ਦਾਖਲ ਕਰਵਾਉਣਾ ਚਾਹੀਦਾ ਹੈ, ਜਿਸ ਦਾ ਆਲਾ-ਦੁਆਲਾ ਵਿਸ਼ਾਲ ਤੇ ਖੁੱਲ੍ਹਾ-ਡੁੱਲ੍ਹਾ ਹੋਵੇ ਅਤੇ ਜਿਸ ਵਿਚ ਖੇਡਣ ਦੀਆਂ ਸਹੂਲਤਾਂ ਵੀ ਹੋਣ। ਖੇਡਾਂ ਵਿਚ ਭਾਗ ਲੈਣ ਕਾਰਨ ਵਿਦਿਆਰਥੀ ਚੁਸਤ ਨਹੀਂ ਹੁੰਦੇ, ਖੇਡਾਂ ਵਿਚ ਚੁਸਤ ਵਿਦਿਆਰਥੀ ਹੀ ਭਾਗ ਲੈਂਦੇ ਹਨ। ਮੈਨੂੰ ਹਾਕੀ, ਫੁੱਟਬਾਲ, ਵਾਲੀਬਾਲ, ਬਾਸਕਟਬਾਲ, ਕਬੱਡੀ ਆਦ ਖੇਡਾਂ ਵਿਸ਼ੇਸ਼ ਤੌਰ ’ਤੇ ਚੰਗੀਆਂ ਲੱਗਦੀਆਂ ਹਨ।

ਯੂਨੀਵਰਸਿਟੀ ਵਿਚ ਫੈਕਲਟੀ ਦੇ ਡੀਨ ਵਜੋਂ ਮੈਂ ਦੋ ਸਾਲ ਖੇਡ ਵਿਭਾਗ ਦਾ ਮੁਖੀ ਵੀ ਰਿਹਾਂ ਹਾਂ ਅਤੇ ਖੇਡਾਂ ਦੇ ਮਹੱਤਵਪੂਰਨ ਮੁਕਾਬਲਿਆਂ ਵਿਚ ਸ਼ਾਮਲ ਹੁੰਦਾ ਰਿਹਾ ਹਾਂ। ਪ੍ਰਿੰ. ਸਰਵਣ ਸਿੰਘ ਜੀ ਨਾਲ ਮੇਰੀ ਜਾਣ-ਪਛਾਣ ਯੂਨੀਵਰਸਿਟੀ ਵਿਚ ਇਕ ਖੇਡ ਮੇਲੇ ਦੌਰਾਨ ਹੀ ਹੋਈ ਸੀ, ਉਂਜ ਮੈਂ ਖੇਡਾਂ ਬਾਰੇ ਉਨ੍ਹਾਂ ਦੀਆਂ ਲਿਖਤਾਂ ਨੂੰ ਕਾਫੀ ਅਰਸੇ ਤੋਂ ਦਿਲਚਸਪੀ ਨਾਲ ਪੜ੍ਹਦਾ ਰਿਹਾ ਹਾਂ। ਪੰਜਾਬ ਵਿਚ ਖੇਡ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਵਿਚ ਉਨ੍ਹਾਂ ਦਾ ਯੋਗਦਾਨ ਸਲਾਹੁਣਯੋਗ ਹੈ। ਸਾਨੂੰ ਖੇਡਾਂ ਤੇ ਖੇਡ ਸਾਹਿਤ ਵਿਚ ਦਿਲਚਸਪੀ ਜਗਾਉਣ ਵਾਲੇ ਉਨ੍ਹਾਂ ਵਰਗੇ ਉਤਸ਼ਾਹੀ ਮਾਹਿਰਾਂ ਦੀ ਹੋਰਵੀ ਲੋੜ ਹੈ।

ਖੇਡਾਂ ਬਾਰੇ ਲੇਖਕ ਦੇ ਹੋਰ ਕਥਨ

ਓਲੰਪਿਕਸ ਦਾ ਮਹੱਤਵ ਇਸ ਗੱਲ ਵਿਚ ਹੈ ਕਿ ਇਸ ਵਿਚ ਸਰਵੋਤਮ ਦੇ ਵਿਰੁੱਧ ਸਰਵੋਤਮ ਹੀ ਜੂਝਦੇ ਹਨ।ਰਾਜਨੀਤੀ ਵਿਚ ਸਖ਼ਤ ਮੁਕਾਬਲਾ ਹੈ, ਵਪਾਰ ਵਿਚ ਮੁਕਾਬਲਾ ਹੋਰ ਵੀ ਸਖ਼ਤ ਹੈ, ਖੇਡਾਂ ਵਿਚ ਮੁਕਾਬਲੇ ਤੋਂ ਸਿਵਾਏ ਕੁਝ ਹੈ ਹੀ ਨਹੀਂ।ਓਲੰਪਿਕਸ ਵਿਚ ਹੁਣ ਵੀ ਦੌੜ ਉਵੇਂ ਲਾਈ ਜਾਂਦੀ ਹੈ, ਜਿਵੇਂ ਸ਼ਿਕਾਰੀ ਯੁੱਗ ਵਿਚਲੇ ਅਨੇਕਾਂ ਬੰਦੇ, ਸ਼ਿਕਾਰ ਪਿੱਛੇ ਦੌੜ ਰਹੇ ਹੋਣ।ਇੰਗਲੈਂਡ ਨੇ ਖੇਡ ਦੇ ਮੈਦਾਨ ਵਿਚ ਸਿੱਖੇ ਮੁੱਲਵਾਨ ਅਤੇ ਵਿਹਾਰਕ ਸ਼ਬਦਾਂ ਨੂੰ ਵਰਤ ਕੇ, ਸੰਸਾਰ ’ਤੇ ਰਾਜ ਕੀਤਾ ਹੈ।ਜੂਏ ਵਿਚ ਸਭ ਤੋਂ ਦਿਲਚ-ਸਪ ਚੀਜ਼ ਜਿੱਤਣਾ ਹੁੰਦੀ ਹੈ; ਦੂਜੀ ਸਭ ਤੋਂ ਦਿਲਚਸਪ ਚੀਜ਼ ਹਾਰਨਾ ਹੁੰਦੀ ਹੈ, ਤੀਜੀ ਦਿਲਚਸਪ ਚੀਜ਼ ਕੋਈ ਨਹੀਂ ਹੁੰਦੀ।ਹਰ ਟੀਮ ਅੰਦਰ ਦੋ ਟੀਮਾਂ ਹੁੰਦੀਆਂ ਹਨ; ਇਕ ਹਮਲਾ ਕਰਨ ਵਾਲੀ, ਇਕ ਬਚਾਓ ਕਰਨ ਵਾਲੀ।ਬਰਾਬਰ ਦੀਆਂ ਟੀਮਾਂ ਵਿਚ, ਜਦੋਂ ਮੈਚ ਦਿਲਚਸਪ ਹੋ ਜਾਵੇ ਤਾਂ ਉਸ ਮੈਚ ਨੂੰ ਖਿਡਾਰੀ ਨਹੀਂ, ਦਰਸ਼ਕ ਖੇਡਣ ਲੱਗ ਪੈਂਦੇ ਹਨ।

ਜੇਤੂਆਂ ਨੂੰ ਹਾਰਿਆਂ ਦੀ ਨਫਰਤ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇ ਉਨ੍ਹਾਂ ਦੀ ਖੇਡ ਵਿਚ ਨੁਕਸ ਨਾ ਲੱਭੇ ਤਾਂ ਉਨ੍ਹਾਂ ਦੇ ਵਿਹਾਰ ਵਿਚ ਨੁਕਸ ਕੱਢਿਆ ਜਾਂਦਾ ਹੈ।ਜੇਤੂ ਕਦੇ ਨਹੀਂ ਥੱਕਦਾ, ਥੱਕਣ ਵਾਲਾ ਕਦੇ ਨਹੀਂ ਜਿੱਤਦਾ।ਯੁੱਧ, ਚੋਣ, ਖੇਡ ਅਤੇ ਜੂਏ ਵਿਚ ਕੇਵਲ ਅਤੇ ਕੇਵਲ ਜਿੱਤ ਮਹੱਤਵਪੂਰਨ ਹੁੰਦੀ ਹੈ।ਇਕ ਛਾਲ ਮਾਰੋਗੇ ਤਾਂ ਉਹ ਵਡੇਰੀ ਛਾਲ ਮਾਰਨ ਦਾ ਰਾਹ ਖੋਲ੍ਹ ਦੇਵੇਗੀ।ਖੇਡ ਇਸ ਕਰਕੇ ਦਿਲਚਸਪ ਹੁੰਦੀ ਹੈ, ਕਿਉਂਕਿ ਕਿਸੇ ਨੂੰ ਪਤਾ ਨਹੀਂ ਹੁੰਦਾ ਕਿ ਇਹ ਕਿਵੇਂ ਮੁੱਕੇਗੀ?ਖੇਡ ਕੋਈ ਵੀ ਹੋਵੇ, ਉਸ ਨੂੰ ਦਿਲਚਸਪ, ਹਾਰਨ ਵਾਲੀ ਟੀਮ ਬਣਾਉਂਦੀ ਹੈ।ਖੇਡਾਂ ਵਿਚਲਾ ਮਨੋਰੰਜਨ, ਟਕਰਾਓ ਵਿਚੋਂ ਉਪਜਦਾ ਹੈ ਅਤੇ ਤਣਾਓ ਨਾਲ ਵਧਦਾ ਹੈ।ਕਈ ਜਿੱਤਣਾ ਹੀ ਚਾਹੁੰਦੇ ਹਨ, ਹਾਰਨ ’ਤੇ ਉਹ ਦੰਗਾ ਫਸਾਦ ਕਰਦੇ ਹਨ।ਖੇਡ ਕੋਈ ਵੀ ਹੋਵੇ, ਦੋ ਵੇਲਿਆਂ ’ਤੇ ਸਵੈਕਾਬੂ ਬਣਾਈ ਰੱਖਣ ਦੀ ਬੜੀ ਲੋੜ ਹੁੰਦੀ ਹੈ; ਜਿੱਤਣ ਵੇਲੇ ਅਤੇ ਹਾਰਨ ਵੇਲੇ।ਹਾਰ ਤੋਂ ਬਚਣ ਨੂੰ ਜਿੱਤ ਨਹੀਂ ਕਹਿੰਦੇ; ਜਿੱਤ ਵੱਖਰੇ ਢੰਗ ਨਾਲ ਲੜਨ ਅਤੇ ਜਦੋਜਹਿਦ ਕਰਨ ਦਾ ਨਾਂ ਹੁੰਦੀ ਹੈ।

ਖੇਡ ਰਾਹੀਂ, ਖੇਡ ਨਾਲ ਹੀ ਨਹੀਂ, ਅਸੀਂ ਖੇਡ ਮੈਦਾਨ ਦੇ ਖੁੱਲ੍ਹੇਪਣ ਅਤੇ ਹਾਜ਼ਰ ਦਰਸ਼ਕਾਂ ਦੀ ਹਾਜ਼ਰੀ ਨਾਲ ਪ੍ਰਭਾਵਿਤ ਹੁੰਦੇ ਹਾਂ।ਸਕੂਲੋਂ ਦੌੜਨ ਵਾਲੇ, ਦੌੜਨ ਦੇ ਮਾਹਿਰ ਤਾਂ ਹੋ ਜਾਂਦੇ ਹਨ, ਪਰ ਉਹ ਪਹੁੰਚਦੇ ਕਿਤੇ ਨਹੀਂ।ਜਿੱਤਣ-ਹਾਰਨ ਨਾਲ ਕੋਈ ਫਰਕ ਨਹੀਂ ਪੈਂਦਾ, ਇਹ ਗੱਲ ਕਿਸੇ ਹਾਰਨ ਵਾਲੇ ਨੇ ਹੀ ਕਹੀ ਹੋਵੇਗੀ; ਫਰਕ ਪੈਂਦਾ ਹੀ ਜਿੱਤਣ-ਹਾਰਨ ਨਾਲ ਹੈ।ਯੂਨਾਨੀਆਂ ਕੋਲ ਇਕ ਸਾਲ ਦਾ ਨਹੀਂ, ਚਾਰ ਸਾਲ ਦਾ ਸੰਕਲਪ ਸੀ; ਓਲੰਪਿਕਸ ਵਾਂਗ ਹਰ ਉਤਸਵ ਚਾਰ ਸਾਲਾਂ ਮਗਰੋਂ ਮਨਾਇਆ ਜਾਂਦਾ ਸੀ।ਸਵੇਰ ਦੀ ਸੈਰ ਸਰੀਰ ਨੂੰ ਸਾਰਾ ਦਿਨ ਅਸੀਸਾਂ ਦਿੰਦੀ ਰਹਿੰਦੀ ਹੈ।ਵੱਡੇ ਖਿਡਾਰੀਆਂ ਦਾ ਉਦੇਸ਼, ਇਹ ਜਾਂ ਉਹ ਮੈਚ ਜਿੱਤਣਾ ਨਹੀਂ ਹੁੰਦਾ, ਚੈਂਪੀਅਨ ਬਣਨਾ ਹੁੰਦਾ ਹੈ।ਭਾਵੇਂ ਨੈਪੋਲੀਅਨ ਅੰਤ ਨੂੰ ਹਾਰਿਆ ਪਰ ਗਿਣਿਆ ਸੰਸਾਰ ਦੇ ਮਹਾਨ ਜੇਤੂਆਂ ਵਿਚ ਜਾਂਦਾ ਹੈ।ਸਰੀਰਕ ਅਤੇ ਆਰਥਿਕ ਘਾਟਾਂ, ਹਿੰਮਤੀਆਂ ਨੂੰ ਨਹੀਂ ਰੋਕਦੀਆਂ, ਇਹ ਕੰਮਚੋਰਾਂ ਨੂੰ ਹੀ ਰੋਕਦੀਆਂ ਹਨ।ਜਿਹੜੀ ਜਿੱਤ ਵਿਚ ਇਨਸਾਫ਼ ਨਹੀਂ ਹੁੰਦਾ, ਉਹ ਜਿੱਤ ਨਹੀਂ ਹਾਰ ਹੁੰਦੀ ਹੈ।ਮਨੁੱਖ ਉਤੇ ਦਸ ਸਾਲ ਦੀ ਉਮਰ ’ਤੇ ਖੇਡ, ਵੀਹ ’ਤੇ ਮਨਮਰਜ਼ੀ, ਤੀਹ ’ਤੇ ਚਲਾਕੀ, ਚਾਲੀ ’ਤੇ ਰੁਤਬਾ, ਪੰਜਾਹ ’ਤੇ ਜਾਇਦਾਦ ਅਤੇ ਸੱਠ ਪਿੱਛੋਂ ਬਿਮਾਰੀ ਦਾ ਰਾਜ ਹੁੰਦਾ ਹੈ।ਖੇਡ ਰਾਹੀਂ ਬੱਚੇਆਪਣਾ ਇਕ ਛੋਟਾ ਜਿਹਾ ਸੰਸਾਰ ਸਿਰਜਦੇ ਹਨ। ਉਹ ਆਪਣੇ ਸਿਰਜੇ ਸੰਸਾਰ ਨੂੰ ਹੀ ਅਸਲੀ ਸੰਸਾਰ ਸਮਝਦੇ ਹਨ।

ਪੰਜਾਬੀਆਂ ਦੇ ਸ਼ਰਨਾਰਥੀ ਹੋਣ ਦਾ ਸੰਤਾਪ

ਮੇਰੀ ਮਾਂ ਦੱਸਿਆ ਕਰਦੀ ਸੀ ਕਿ ਜਦੋਂ ਰੌਲੇ ਪੈ ਗਏ ਤਾਂ ਉਜਾੜੇ ਵਾਪਰੇ ਅਤੇ ਵਸਦੇ-ਰਸਦੇ ਪਰਿਵਾਰ ਸ਼ਰਨਾਰਥੀਆਂ ਦੇ ਲੰਮੇ ਕਾਫ਼ਲੇ ਬਣ ਗਏ। ਉਸ ਭੀੜ ਵਿਚ ਕਿਸੇ ਨੇ ਸਿਰ ’ਤੇ ਲੋਹੇ ਦਾ ਟਰੰਕ ਚੁੱਕਿਆ ਹੋਇਆ ਸੀ। ਉਸ ਦੇ ਅਚਾਨਕ ਗਰਦਨ ਮੋੜਨ ’ਤੇ, ਟਰੰਕ ਦਾ ਇਕ ਕੋਨਾ, ਮੇਰੇ ਦਾਦਾ ਜੀ ਦੀ ਅੱਖ ਵਿਚ ਵੱਜ ਗਿਆ ਸੀ। ਸ਼ਰਨਾਰਥੀਆਂ ਦੇ ਕਾਫ਼ਲੇ ਵਿਚ ਕਿਸੇ ਇਲਾਜ ਜਾਂ ਸਹਾਇਤਾ ਦੀ ਕੋਈ ਸੰਭਾਵਨਾ ਨਹੀਂ ਸੀ ਜਿਸ ਕਾਰਨ ਦਾਦਾ ਜੀ ਨੂੰ ਪਹਿਲਾਂ ਇਕ ਅੱਖ ਅਤੇ ਕੁਝ ਘੰਟਿਆਂ ਮਗਰੋਂ ਦੂਜੀ ਅੱਖ ਤੋਂ ਵੀ ਦਿਸਣਾ ਬੰਦ ਹੋ ਗਿਆ ਸੀ। ਇਸ ਹਾਲਤ ਵਿਚ ਦਾਦਾ ਜੀ ਨੂੰ ਸੰਭਾਲਣਾ ਬੜਾ ਮੁਸ਼ਕਲ ਸੀ। ਦਾਦਾ ਜੀ ਨੂੰ ਆਵਾਜ਼ਾਂ ਤਾਂ ਸੁਣਦੀਆਂ ਸਨ ਪਰ ਦਿਸਦਾ ਕੁਝ ਨਹੀਂ ਸੀ। ਮੈਂ ਕੇਵਲ ਦੋ ਸਾਲ ਦਾ ਸਾਂ, ਮੇਰੀ ਭੈਣ ਚਾਰ ਸਾਲ ਦੀ ਅਤੇ ਮੇਰਾ ਵੱਡਾ ਭਰਾ ਅੱਠ ਸਾਲ ਦਾ ਸੀ। ਮੈਨੂੰ ਚੁੱਕਣਾ ਤੇ ਟੋਰਨਾ ਦੋਵੇਂ ਮੁਸ਼ਕਲ ਸਨ।

ਮੇਰਾ ਭਰਾ ਦੱਸਦਾ ਸੀ ਕਿ ਅਸੀਂ ਲੋਕਾਂ ਦੀ ਭੀੜ ਵਿਚ ਟੁਰੀ ਜਾਂਦੇ ਸਾਂ। ਥਕਾਵਟ, ਭੁੱਖ, ਪਿਆਸ ਅਤੇ ਸਹਿਮ ਨਾਲ ਸਾਡਾ ਹੀ ਨਹੀਂ, ਹਰ ਕਿਸੇ ਦਾ ਬੁਰਾ ਹਾਲ ਸੀ। ਪਰਿਵਾਰ ਵਿਛੜ ਗਏ ਸਨ, ਗੁਆਚੇ ਵਿਅਕਤੀ ਤੇ ਬੱਚੇ ਲਭਣੇ ਸੰਭਵ ਨਹੀਂ ਸਨ। ਮੇਰੀ ਮਾਂ ਦੱਸਦੀ ਸੀ ਕਿ ਦਾਦਾ ਜੀ ਬੜੇ ਸਬਰ ਸੰਤੋਖ ਵਾਲੇ ਵਿਅਕਤੀ ਸਨ। ਜਦੋਂ ਉਨ੍ਹਾਂ ਲਈ ਸਹਾਰੇ ਤੋਂ ਬਿਨਾਂ ਚੱਲਣਾ ਸੰਭਵ ਨਾ ਰਿਹਾ ਤਾਂ ਉਨ੍ਹਾਂ ਨੇ ਮੇਰੇ ਮਾਤਾ-ਪਿਤਾ ਨੂੰ ਕਿਹਾ, ਮੇਰੇ ਕਾਰਨ ਤੁਸੀਂ ਹੋਰਨਾਂ ਨਾਲੋਂ ਨਿੱਖੜ ਜਾਓਗੇ। ਮੈਨੂੰ ਇਕ ਪਾਸੇ ਲਿਟਾ ਦਿਓ ਤੇ ਆਪ ਲੰਘ ਜਾਓ। ਦਾਦਾ ਜੀ ਦੇ ਇਸ ਸੁਝਾਓ ਨਾਲ ਸਹਿਮਤ ਹੋਣਾ ਬੜਾ ਮੁਸ਼ਕਲ ਸੀ। ਦਾਦਾ ਜੀ ਦੇ ਬਾਰ-ਬਾਰ ਕਹਿਣ ’ਤੇ, ਅੰਤ ਨੂੰ ਮੇਰੇ ਮਾਪਿਆਂ ਨੇ ਇਕ ਖੂਹ ਨਾਲ ਬਣੇ ਥੜ੍ਹੇ ਉਤੇ ਦਾਦਾ ਜੀ ਨੂੰ ਲਿਟਾ ਦਿੱਤਾ ਜਿਥੇ ਉਹ ਲੇਟ ਵੀ ਸਕਦੇ ਸਨ। ਇਹੋ ਜਿਹੀ ਘਟਨਾ ਭੁਲਣੀ ਸੰਭਵ ਨਹੀਂ ਹੁੰਦੀ। ਮੇਰੀ ਮਾਂ ਕਿਤਨੇ ਹੀ ਸਾਲ, ਇਸ ਗੱਲ ਨੂੰ ਯਾਦ ਕਰਕੇ ਰੋਂਦੀ ਰਹਿੰਦੀ ਸੀ ਅਤੇ ਮੇਰੇ ਪਿਤਾ ਜੀ ਸਦਮੇ ਨਾਲ ਆਪਣਾ ਮਾਨਸਿਕ ਸੰਤੁਲਨ ਗੁਆ ਬੈਠੇ ਸਨ। ਮੇਰੀ ਮਾਂ ਕਈ ਸਾਲਾਂ ਮਗਰੋਂ, ਪਿਤਾ ਜੀ ਨੂੰ ਨਾਲ ਲੈ ਕੇ ਇਕ ਜਥੇ ਨਾਲ ਪਾਕਿ-ਸਤਾਨ ਗਈ, ਜਿਥੇ ਉਸ ਥੜ੍ਹੇ ਨੂੰ ਲਭਦੀ ਰਹੀ। ਉਸ ਦਾ ਪਰੇਸ਼ਾਨ ਮਨ ਇਹੀ ਆਸ ਲਾਈ ਬੈਠਾ ਸੀ ਕਿ ਮੇਰੇ ਦਾਦਾ ਜੀ ਅਜੇ ਵੀ ਉਥੇ ਹੀ ਪਏ ਹੋਣਗੇ! ਮੇਰੀ ਮਾਂ ਉਂਝ ਬੜੇ ਦ੍ਰਿੜ ਇਰਾਦੇ ਵਾਲੀ ਸੀ ਪਰ ਇਸ ਗੱਲ ਨੂੰ ਯਾਦ ਕਰਦਿਆਂ, ਉਸ ਦੀਆਂ ਅੱਖਾਂ ਉੱਬਲ ਪੈਂਦੀਆਂ ਸਨ। ਸ਼ਰਨਾਰਥੀ ਹੋਣ ਦੀ, ਉਜੜਨ ਅਤੇ ਵਿਛੜਨ ਦੀ, ਸੰਤਾਪ ਹੰਢਾਉਣ ਜਿਹੀ ਬਦਕਿਸਮਤੀ ਕੋਈ ਹੋਰ ਨਹੀਂ ਹੋ ਸਕਦੀ।

principalsarwansingh@gmail.com




# ਗੱਡਾ ਆ ਗਿਓ ਸੰਦੂਕੋਂ ਖਾਲੀ...

-ਜੱਗਾ ਸਿੰਘ ਆਦਮਕੇ-

ਪੁਰਾਤਨ ਸਮੇਂ ਤੋਂ ਮਨੁੱਖ ਆਵਾਜਾਈ ਅਤੇ ਢੋਆ-ਢੁਆਈ ਲਈ ਵੱਖ ਵੱਖ ਸਾਧਨਾਂ ਦੀ ਵਰਤੋਂ ਕਰਦਾ ਰਿਹਾ ਹੈ। ਸ਼ੁਰੂ ਵਿੱਚ ਜੰਗਲੀ ਜਾਨਵਰਾਂ ਨੂੰ ਪਾਲਤੂ ਬਣਾ ਕੇ ਉਨ੍ਹਾਂ ਨੂੰ ਢੋਆ-ਢੁਆਈ ਲਈ ਵਰਤਦਾ ਰਿਹਾ। ਸਮੇਂ ਨਾਲ ਜ਼ਿੰਦਗੀ ਨੂੰ ਆਸਾਨ ਬਣਾਉਣ ਲਈ ਹੋਰ ਵਸਤਾਂ ਦੀ ਕਾਢ ਦੇ ਨਾਲ ਆਵਾਜਾਈ ਅਤੇ ਢੋਆ ਢੁਆਈ ਲਈ ਗੱਡੇ ਵਰਗੇ ਸਾਧਨਾਂ ਨੂੰ ਲੱਭਿਆ। ਇਸ ਤਰ੍ਹਾਂ ਗੱਡਾ ਮਨੁੱਖੀ ਸਭਿਅਤਾ ਵਿੱਚ ਕਾਫੀ ਪੁਰਾਤਨ ਆਵਾਜਾਈ ਦਾ ਸਾਧਨ ਹੈ। ਇਸ ਦਾ ਪ੍ਰਮਾਣ ਸਿੰਧ ਘਾਟੀ ਦੀ ਸਭਿਅਤਾ ਸਮੇਂ ਗੱਡੇ ਦੇ ਅਵਸ਼ੇਸ਼ ਅਤੇ ਚਿੱਤਰ ਮਿਲਣ ਤੋਂ ਲੱਗ ਸਕਦਾ ਹੈ। ਪੰਜਾਬ ਦਾ ਕਿੱਤਾ ਮੁੱਖ ਰੂਪ ਵਿੱਚ ਖੇਤੀ ਨਾਲ ਜੁੜਿਆ ਹੈ। ਅਜਿਹਾ ਹੋਣ ਕਾਰਨ ਖੇਤੀ ਵਿੱਚ ਵਰਤੇ ਜਾਂਦੇ ਜਾਨਵਰਾਂ ਤੇ ਦੂਸਰੇ ਸਾਧਨਾਂ ਦਾ ਵਿਸ਼ੇਸ਼ ਮਹੱਤਵ ਰਿਹਾ ਹੈ। ਉਨ੍ਹਾਂ ਵਿੱਚੋਂ ਅਜਿਹਾ ਇੱਕ ਸਾਧਨ ਗੱਡਾ ਹੈ। ਗੱਡਾ ਆਵਾਜਾਈ ਦੇ ਸਾਧਨ ਦੇ ਨਾਲ ਖੇਤੀ ਆਦਿ ਲਈ ਢੋਆ-ਢੁਆਈ ਦਾ ਉਪਯੋਗੀ ਸਾਧਨ ਰਿਹਾ ਹੈ। ਇਸ ਕਾਰਨ ਇਹ ਪੰਜਾਬੀ ਸਭਿਆਚਾਰ ਵਿੱਚ ਵੀ ਖਾਸ ਸਥਾਨ ਰੱਖਦਾ ਹੈ।

ਮੇਲਿਆਂ, ਵਿਆਹਾਂ ਜਾਂ ਦੂਸਰੇ ਉਦੇਸ਼ਾਂ ਲਈ ਆਮ ਲੋਕਾਂ ਤੋਂ ਲੈ ਕੇ ਸਜੀਆਂ ਮੁਟਿਆਰਾਂ ਤੱਕ ਗੱਡੇ ਦੀ ਸਵਾਰੀ ਕਰਦੇ ਰਹੇ ਹਨ। ਅਜਿਹਾ ਹੋਣ ਕਾਰਨ ਟੱਪਿਆਂ ਬੋਲੀਆਂ ਵਿੱਚ ਗੱਡੇ ਦੀ ਸਵਾਰੀ ਦੇ ਸਮੇਂ ਲੱਗਦੇ ਹੁਲਾਰਿਆਂ ਦਾ ਵੇਰਵਾ ਕੁਝ ਇਸ ਤਰ੍ਹਾਂ ਮਿਲਦਾ ਹੈ :

ਤੇਰੇ ਝੁਮਕੇ ਲੈਣ ਹੁਲਾਰੇ
ਨੀਂ ਗੱਡੇ ਉਤੇ ਜਾਣ ਵਾਲੀਏ।

ਕੱਚੀਆਂ ਪਹੀਆਂ, ਉਭੜ ਖਾਭੜ ਰਸਤਿਆਂ ਉਪਰੋਂ ਗੁਜ਼ਰਦਿਆਂ ਗੱਡੇ ਦਾ ਹਚਖੋਲੇ ਖਾਣਾ ਆਮ ਗੱਲ ਸੀ। ਅਜਿਹੇ ਸਮੇਂ ਜੇ ਗੱਡਾ ਤੇਜ਼ ਹੁੰਦਾਂ ਤਾਂ ਅਜਿਹਾ ਹੋਰ ਵੀ ਮਹਿਸੂਸ ਹੁੰਦਾ। ਗੱਡੇ ਦੀ ਤੇਜ਼ੀ ਕਾਰਨ ਲੱਗਦੇ ਡਰ ਅਤੇ ਅਜਿਹਾ ਹੋਣ ਕਾਰਨ ਆਉਂਦੀ ਸਮੱਸਿਆ ਕਰਨ ਗੱਡੇ ਨੂੰ ਹੌਲੀ ਤੋਰਨ ਦੀ ਸਲਾਹ ਵੀ ਕੁਝ ਇਸ ਤਰ੍ਹਾਂ ਦਿੱਤੀ ਜਾਂਦੀ :

ਗੱਡ ਗਡੀਰੇ ਵਾਲਿਆ,
ਗੱਡਾ ਹੌਲੀ ਹੌਲੀ ਤੋਰ
ਮੇਰੇ ਦੁਖਣ ਕੰਨਾਂ ਦੀਆਂ ਵਾਲੀਆਂ
ਮੇਰੇ ਦਿਲ ਵਿੱਚ ਪੈਂਦੇ ਹੌਲ।

ਢੋਆ-ਢੁਆਈ ਦਾ ਸਾਧਨ ਹੋਣ ਦੇ ਕਾਰਨ ਵਿਆਹ ਸਮੇਂ ਦਾਜ ਲਿਆਉਣ ਲਈ ਵੀ ਗੱਡਾ ਚਾਹੀਦਾ ਸੀ, ਪਰ ਜੇ ਦਾਜ ਘੱਟ ਦਿੱਤਾ ਜਾਂਦਾ ਜਾਂ ਸੰਦੂਕ ਵਰਗੀ ਚੀਜ਼ ਨਾ ਦਿੱਤੀ ਜਾਂਦੀ, ਤਾਂ ਇਸ ਦਾ ਮਿਹਣਾ ਕੁਝ ਏਦਾਂ ਦਿੱਤਾ ਜਾਂਦਾ :

ਗੱਡਾ ਆ ਗਿਆ ਸੰਦੂਕੋਂ ਖਾਲੀ
ਬਹੁਤਿਆਂ ਭਰਾਵਾਂ ਵਾਲੀਏ।

ਆਧੁਨਿਕ ਸਾਧਨਾਂ ਦੀ ਅਣਹੋਂਦ ਸਮੇਂ ਬਰਾਤ ਜਾਣ ਲਈ ਊਠ, ਗੱਡੇ, ਘੋੜੇ ਵਰਤੇ ਜਾਂਦੇ ਸਨ। ਇਸ ਉਦੇਸ਼ ਲਈ ਊਠਾਂ ਤੇ ਗੱਡਿਆਂ ਨੂੰ ਖੂਬ ਸ਼ਿੰਗਾਰਿਆ ਜਾਂਦਾ ਸੀ। ਬਰਾਤ ਲਈ ਲੈ ਕੇ ਜਾਂਦੇ ਬਲਦਾਂ ਦੇ ਗਲਾਂ ਵਿੱਚ ਪਾਈਆਂ ਟੱਲੀਆਂ ਦੀ ਟੁਣਕਾਰ ਦਾ ਸੰਗੀਤ ਸੁਣਾਈ ਦਿੰਦਾ। ਅਜਿਹਾ ਨਾ ਹੋਣ ਕਾਰਨ ਵਿਆਹ ਹੋਣ ਤੋਂ ਖੁੰਝੇ ਲੋਕਾਂ ਦੀ ਇਸ ਸਮੇਂ ਦੀ ਦਿਲੀ ਖਾਹਿਸ਼ ਦਾ ਵਰਣਨ ਮਲਵਈ ਗਿੱਧੇ ਦੀਆਂ ਬੋਲੀਆਂ ਵਿੱਚ ਕੁਝ ਇਸ ਤਰ੍ਹਾਂ ਕੀਤਾ ਮਿਲਦਾ ਹੈ :

ਓ ਸਾਨੂੰ ਤਾਂ ਤੂੰ ਸਾਜ ਕੇ ਰੱਬਾ
ਆਪ ਹੋ ਗਿਆ ਅੰਨ੍ਹਾ।
ਓ ਸਾਡੀ ਵਾਰੀ ਕੀ ਕਾਲ ਪੈ ਗਿਆ
ਮੁੱਕ ਗਈਆਂ ਤੇਰੇ ਘਰ ਰੰਨਾਂ
’ਕੱਲਾ ਮੈਨੂੰ ਮਿਲਜੇ ਜੇ ਰੱਬਾ
ਤੇਰੇ ਦੋਵੇਂ ਗੋਡੇ ਭੰਨਾਂ।
ਓ ਰੱਥ ਗੱਡਿਆਂ ਵਿੱਚ ਖੜਕਣ ਟੱਲੀਆਂ
ਚੜ੍ਹ ਚੜ੍ਹ ਜਾਵਣ ਜੰਨਾਂ
ਦੇ ਦੇ ਛੜਿਆਂ ਨੂੰ ਵੀ ਰੰਨਾਂ

ਦਾਜ ਦੇਣਾ ਕਾਫੀ ਸਮੇਂ ਤੋਂ ਪੰਜਾਬੀ ਸਭਿਆਚਾਰ ਦਾ ਮਹੱਤਵਪੂਰਨ ਹਿੱਸਾ ਰਿਹਾ ਹੈ। ਇਹ ਗੱਡੇ ਉੱਤੇ ਲੱਦ ਕੇ ਭੇਜਿਆ ਜਾਂਦਾ ਸੀ। ਵਿਆਹ ਦੇ ਗੀਤਾਂ ਵਿੱਚ ਦਾਜ ਦਾ ਗੱਡਾ ਦੇਣ ਦੀ ਗੱਲ ਵੀ ਕੁਝ ਇਸ ਤਰ੍ਹਾਂ ਕੀਤੀ ਮਿਲਦੀ ਹੈ :

ਕਿਉਂ ਖੜ੍ਹਾ ਵੀਰਾ ਕਿਉਂ ਖੜ੍ਹਾ
ਵੇ ਕਿਉਂ ਖੜ੍ਹਾ ਤੂੰ ਦਿਲਗੀਰ
ਕੋਈ ਗੱਡਾ ਦੇਣਗੇ ਦਾਜ ਦਾ
ਤੇ ਤੇਰੇ ਮਗਰ ਲਾਉਣਗੇ
ਵੇ ਅੰਤੋਂ ਪਿਆਰਿਆ ਵੇ-ਹੀਰ

ਗੱਡੇ ਨੂੰ ਬਲਦ ਜੋੜ ਕੇ ਰਿਸ਼ਤੇਦਾਰੀਆਂ ਵਿੱਚ ਜਾਣਾ ਆਵਾਜਾਈ ਦਾ ਜ਼ਰੂਰੀ ਹਿੱਸਾ ਸੀ। ਅਜਿਹਾ ਹੋਣ ਕਾਰਨ ਗੱਡੇ ਰਾਹੀਂ ਕੁਝ ਇਸ ਤਰ੍ਹਾਂ ਵੀ ਬਿਆਨ ਕੀਤਾ ਮਿਲਦਾ ਹੈ :

ਗੱਡਾ ਜੋੜ ਕੇ ਆ ਗਿਆ ਸਹੁਰੇ
ਆਣ ਖੜ੍ਹਾ ਦਰਵਾਜ਼ੇ
ਬਲਦਾਂ ਤੇਰਿਆਂ ਨੂੰ ਭੋਅ ਦਾ ਟੋਕਰਾ
ਤੈਨੂੰ ਦੋ ਪਰਸ਼ਾਦੇ
ਨੀਵੀਂ ਪਾ ਬਹਿੰਦਾ
ਪਾ ਲਏ ਭੌਰ’ਤੇ ਦਾਬੇ

ਗੱਡਾ ਅਸਲ ਵਿੱਚ ਨਾਭ, ਬੂਜਲੀ, ਗਜ਼, ਸ਼ਗਨੀ, ਪਿੰਜਣੀ ਆਦਿ ਵਰਗੇ ਭਾਗਾਂ ਨੂੰ ਜੋੜ ਕੇ ਤਿਆਰ ਹੁੰਦਾ, ਪਰ ਕਿਸੇ ਚਾਅ, ਹੁਲਾਸ ਵਿੱਚ ਕਈ ਵਾਰ ਗੱਡੇ ਦੇ ਇਨ੍ਹਾਂ ਹਿੱਸਿਆਂ ਨਾਲ ਕੁਝ ਅਜਿਹਾ ਵੀ ਵਾਪਰ ਜਾਂਦਾ :

ਚਾਅ ਮੁਕਲਾਵੇ ਦਾ
ਗੱਡੇ ਚੜ੍ਹਦੀ ਨੇ ਪਿੰਜਣੀ ਤੋੜੀ

ਅਜੋਕੇ ਸਾਦਨਾਂ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਕਿਸੇ ਕੋਲ ਚੰਗਾ ਗੱਡਾ ਅਤੇ ਬਲਦ ਹੋਣਾ ਮਾਣ ਤੇ ਉਸ ਦੇ ਖੁਸ਼ਹਾਲ ਹੋਣ ਦਾ ਪ੍ਰਤੀਕ ਸੀ। ਵਿਆਹ ਦੇ ਗੀਤਾਂ ਰਾਹੀਂ ਭੈਣਾਂ ਵੱਲੋਂ ਆਪਣੇ ਵੀਰ ਦੇ ਇਸ ਪੱਖ ਦੀ ਪ੍ਰਸ਼ੰਸਾ ਕੁਝ ਇਸ ਤਰ੍ਹਾਂ ਕੀਤੀ ਮਿਲਦੀ ਹੈ :

ਗੱਡਾ ਵੇ ਵੀਰਾ ਤੇਰਾ ਰੁਣਝੁਣਿਆ
ਵੇ ਕੋਈ ਬਲਦ ਕਲਹਿਰੀ ਮੋਰ
ਛਾਂਟਾ ਵੀ ਤੇਰਾ ਰੇਸ਼ਮੀ
ਦਿੱਤੀ ਛੱਡ ਬਲਦਾਂ ਦੀ
ਵੇ ਸੁਣ ਗਡਵਾਣੀਆ ਵੇ-ਡੋਰ

ਗੱਡਾ ਆਪਣੇ ਖਾਸ ਮਹੱਤਵ ਕਾਰਨ ਕਿਸਾਨਾਂ ਲਈ ਬੇਹੱਦ ਮਹੱਤਵਪੂਰਨ ਵਸਤੂ ਰਿਹਾ ਹੈ। ਆਪਣੇ ਬਾਬਲ ਵੱਲੋਂ ਕੀਤੇ ਦਾਨ ਦੀ ਪ੍ਰਸ਼ੰਸਾ ਕਰਦੇ ਸਮੇਂ ਗੱਡਾ ਦਾਨ ਕਰਨ ਦੀ ਗੱਲ ਕੁਝ ਇਸ ਤਰ੍ਹਾਂ ਕੀਤੀ ਮਿਲਦੀ ਹੈ :

ਸਣੇ ਗੱਡਾ ਪੁੰਨ ਕੀਤਾ
ਵੀਰ ਮੇਰੇ ਧਰਮੀਂ ਨੇ।

ਵਿਆਹ ਦੇ ਮੇਲ ਦਾ ਵਿਆਹ ਵਾਲੇ ਸਥਾਨ ਉੱਤੇ ਗੱਡਿਆਂ ਉਤੇ ਜਾਣਾ ਉਸ ਸਮੇਂ ਦੀ ਜ਼ਰੂਰਤ ਤੇ ਆਮ ਗੱਲ ਸੀ। ਅਜਿਹਾ ਹੋਣ ਕਾਰਨ ਵਿਆਹ ਦੀਆਂ ਬੋਲੀਆਂ, ਗੀਤਾਂ ਵਿੱਚ ਨਾਨਕਿਆਂ ਦਾਦਕੀਆਂ ਦੀ ਨੋਕ ਝੋਕ ਸਮੇਂ ਦਾਦਕੀਆਂ ਵੱਲੋਂ ਮਾਮੀਆਂ ਨੂੰ ਕੁਝ ਇਸ ਤਰ੍ਹਾਂ ਕਹਿ ਕੇ ਸੁਣਾਇਆ ਜਾਂਦਾ :

ਜੇ ਮਾਮੀਏ ਤੈਨੂੰ ਨੱਚਣਾ ਨ੍ਹੀਂ ਆਉਂਦਾ
ਵਿਆਹ ਕਾਸ ਤੋਂ ਆਈ
ਨੀਂ ਗੱਡਾ ਜਵਾਕਾਂ ਦਾ
ਨੀਂ ਲੱਡੂ ਖਾਣ ਨੂੰ ਲਿਆਈ
ਨੀਂ ਗੱਡਾ ਜਵਾਕਾਂ ਦਾ।

ਇਸ ਤਰ੍ਹਾਂ ਗੱਡਾ ਆਵਾਜਾਈ ਦਾ ਸਾਧਨ ਹੋਣ ਦੇ ਨਾਲ ਪੰਜਾਬੀ ਜਨ ਜੀਵਨ ਵਿੱਚ ਆਪਣੀ ਪਛਾਣ ਅਤੇ ਪੰਜਾਬੀ ਸਭਿਆਚਾਰ ਵਿੱਚ ਖਾਸ ਸਥਾਨ ਰੱਖਦਾ ਰਿਹਾ ਹੈ। ਭਾਵੇਂ ਗੱਡਾ ਮੌਜੂਦ ਸਮੇਂ ਆਵਾਜਾਈ ਤੇ ਢੋਆ-ਢੁਆਈ ਦੇ ਆਧੁਨਿਕ ਸਾਧਨਾਂ ਦੀ ਬਹੁਤਾਤ ਹੋਣ ਕਾਰਨ ਬੀਤੇ ਸਮੇਂ ਦੀ ਚੀਜ਼ ਬਣ ਗਿਆ ਹੈ, ਪਰ ਅੱਜ ਵੀ ਬਹੁਤ ਸਾਰੇ ਲੋਕਾਂ ਵੱਲੋਂ ਗੱਡੇ ਨੂੰ ਸਭਿਆਚਾਰ ਦੀ ਅਹਿਮ ਤੇ ਮਹੱਤਵਪੂਰਨ ਵਸਤੂ ਵਜੋਂ ਸਾਂਭਿਆ ਹੋਇਆ ਹੈ। ਅਜਾਇਬ ਘਰਾਂ ਆਦਿ ਵਿੱਚ ਪੰਜਾਬੀ ਸਭਿਆਚਾਰ ਨਾਲ ਸੰਬੰਧਤ ਦੂਸਰੀਆਂ ਵਸਤੂਆਂ ਵਿੱਚ ਗੱਡਾ ਵੀ ਸ਼ੁਮਾਰ ਹੁੰਦਾ ਹੈ।

# ਪਹਿਲਾਂ ਉਡਦਾ ਪੰਜਾਬ, ਅੱਜਕੱਲ੍ਹ ਗੈਂਗਵਾਰ, ਪੰਜਾਬ ਦਾ ਕਿਹੋ ਜਿਹਾ ਨਵਾਂ ਰੁਝਾਨ!

ਰਿਤੂਪਰਣ ਦਵੇ

ਪੰਜਾਬ ਵਿੱਚ ਦਿਨ ਦਿਹਾੜੇ ਹਰਮਨ ਪਿਆਰੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਪਿੱਛੋਂ ਸੁਰੱਖਿਆ ਬਾਰੇ ਹਰ ਤਰ੍ਹਾਂ ਦੇ ਦਾਅਵਿਆਂ ਦੀ ਪੋਲ ਖੁੱਲ੍ਹਦੀ ਨਜ਼ਰ ਪੈਂਦੀ ਹੈ। ਹੱਤਿਆ ਨੂੰ ਆਪਸੀ ਗੈਂਗਵਾਰ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ, ਪਰ ਵੱਡਾ ਮੁੱਦਾ ਇਹ ਹੈ ਕਿ 'ਉਡਦਾ ਪੰਜਾਬ' ਕੀ 'ਕਾਤਲ ਪੰਜਾਬ' ਬਣਨ ਜਾ ਰਿਹਾ ਹੈ? ਇਸ ਕਤਲਕਾਂਡ ਨੂੰ ਬਿਲਕੁਲ ਸਾਧਾਰਨ ਨਹੀਂ ਕਿਹਾ ਜਾ ਸਕਦਾ। ਜਿਸ ਤਰ੍ਹਾਂ ਵਿਦੇਸ਼ ਅਤੇ ਜੇਲ੍ਹਾਂ ਵਿੱਚ ਬੈਠੇ ਗੈਂਗਸਟ ਛਾਤੀ ਠੋਕ ਕੇ ਜ਼ਿੰਮੇਵਾਰੀ ਲੈ ਰਹੇ ਹਨ, ਇੱਥੋਂ ਤੱਕ ਕਿ ਫੇਸਬੁੱਕ ਪੇਜ ਉੱਤੇ ਵੀ ਸ਼ਰੇਆਮ ਹੱਤਿਆ ਦੀ ਜ਼ਿੰਮੇਵਾਰੀ ਲੈ ਰਹੇ ਹਨ, ਉਸ ਕਾਰਨ ਕਈ ਤਰ੍ਹਾਂ ਦੇ ਸਵਾਲ ਅਤੇ ਵੱਡੀਆਂ ਚੁਣੌਤੀਆਂ ਖੜ੍ਹੀਆਂ ਹੋ ਰਹੀਆਂ ਹਨ। ਮਜ਼ਬੂਤ ਸਾਈਬਰ ਪ੍ਰਣਾਲੀ ਦੇ ਦਾਅਵੇਪਿੱਛੋਂ ਵੀ ਅਪਰਾਧੀਆਂ ਵੱਲੋਂ ਵਿਦੇਸ਼ ਛੱਡੋ, ਦੇਸ਼ ਵਿੱਚ ਦਿੱਤੀਆਂ ਜਾ ਰਹੀਆਂ ਚੁਣੌਤੀਆਂ ਅਤੇ ਉਸ ਤੋਂ ਵੀ ਵੱਡੀ ਜੇਲ੍ਹ ਅੰਦਰੋਂ ਗੈਂਗ ਆਪ੍ਰੇਟ ਕਰਨਾ ਸ਼ਰਮਨਾਕ ਅਤੇ ਵੱਡਾ ਸਵਾਲ ਹੈ।ਜੇ ਇੰਝ ਹੈ ਤਾਂ ਕਿਤੇ ਨਾ ਕਿਤੇ ਇਹ ਖ਼ੁਫੀਆ ਤੇ ਸਾਈਬਰ ਪ੍ਰਣਾਲੀ ਦੀ ਬਹੁਤ ਵੱਡੀ ਨਾਕਾਮੀ ਹੈ। ਵਿਦੇਸ਼ ਤੋਂ ਧਮਕੀ ਦੇਣੀ ਜਾਂ ਕਬੂਲਨਾਮਾ ਕੁਝ ਸਮਝ ਵਿੱਚ ਆਉਂਦਾ ਹੈ ਪਰ ਰਾਜਸਥਾਨ ਦੀ ਅਜਮੇਰ ਜੇਲ੍ਹ ਵਿੱਚ ਗੈਂਗਸਟਰ ਦਾ ਨਾਂ ਜੁੜਨਾ ਬਹੁਤ ਵੱਡੀ ਗਲਤੀ, ਲਾਪ੍ਰਵਾਹੀ, ਸਾਜ਼ਿਸ਼ ਜਾਂ ਮਿਲੀਭੁਗਤ ਕੁਝ ਵੀ ਸਕਦੀ ਹੈ ਜੋ ਹੈਰਾਨ ਅਤੇ ਪ੍ਰੇਸ਼ਾਨ ਕਰਦੀ ਹੈ।

ਅਜਿਹੇ ਚਲਨ ਨੂੰ ਰੋਕਣਾ ਹੋਵੇਗਾ ਜਿਸ ਵਿੱਚ ਕਤਲ ਪਿੱਛੋਂ ਜ਼ਿੰਮੇਵਾਰੀ ਲੈਣੀ, ਛਾਤੀ ਠੋਕਣੀ ਅਤੇ ਸੋਸ਼ਲ ਮੀਡੀਆ ਉੱਤੇ ਲਿਖਣਾ ਅਪਰਾਧੀਆਂ ਦੀ ਦਹਿਸ਼ਤ ਅਤੇ ਉਨ੍ਹਾਂ ਦੇ ਡਰ ਨੂੰ ਵਧਾਉਂਦਾ ਹੈ। ਲੱਗਦਾ ਨਹੀਂ ਕਿ ਇਹ ਕੌਮੀ ਸੁਰੱਖਿਆ ਨਾਲ ਬੇਤੁਕੀ ਗੱਲ ਹੈ?ਅਜਿਹੇ ਅਨਸਰਾਂ, ਸਹਿਯੋਗੀਆਂ, ਸਾਜ਼ਿਸ਼ਕਰਤਾਵਾਂ ਨੂੰ ਪਛਾਣਨਾ ਹੋਵੇਗਾ। ਹੋ ਸਕਦਾ ਹੈ ਕਿ ਬਦਮਾਸ਼ਾਂ ਨਾਲ ਸਰਕਾਰੀ ਮੁਲਾਜ਼ਮ ਵੀ ਮਿਲੇ ਹੋਣ, ਜਿਨ੍ਹਾਂ ਨਾਲ ਸਖਤ ਅਤੇ ਉਹੋ ਜਿਹੀ ਕਾਰਵਾਈ ਹੋਵੇ, ਜੋ ਕਈ ਰਾਜਾਂ ਵਿੱਚ ਬੁਲਡੋਜ਼ਰਾਂ ਰਾਹੀਂ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਇਸ ਨਾਲ ਅਪਰਾਧੀਆਂ ਦੇ ਨਾਲ ਹੀ ਮੁਲਾਜ਼ਮਾਂ ਵਿੱਚ ਵੀ ਡਰ ਪੈਦਾ ਹੋਵੇਗਾ। ਸਚਮੁੱਚ ਸਖ਼ਤ ਅਤੇ ਤੁਰੰਤ ਲਾਗੂ ਹੋਣ ਵਾਲੇ ਕਾਨੂੰਨਾਂ ਦੀ ਲੋੜ ਹੈ। ਕਾਨੂੰਨ ਨੂੰ ਚੁਣੌਤੀ ਦੇਣੀ ਅਮਨ-ਪਸੰਦ ਲੋਕਾਂ ਨੂੰ ਠੀਕ ਨਹੀਂ ਲੱਗਦੀ ਪਰ ਇਹ ਹਰਕਤਾਂ ਰੁਕ ਨਹੀਂ ਰਹੀਆਂ ਅਤੇ ਚਿੰਤਾ ਵਧਾ ਰਹੀਆਂ ਹਨ। ਇਸ ਉੱਤੇ ਗੰਭੀਰਤਾ ਅਤੇ ਜ਼ਿੰਮੇਵਾਰੀ ਨਾਲ ਸੋਚਣ ਦੀ ਲੋੜ ਹੈ।



ਜਦੋਂ ਅਸੀਂ ਬਹੁਤ ਤੇਜ਼ੀ ਨਾਲ ਵਿਕਸਿਤ ਸੂਚਨਾ ਤਕਨੀਕ ਤੇ ਸਾਈਬਰ ਪ੍ਰਣਾਲੀ ਨਾਲ ਲੈਸ ਹੋ ਰਹੇ ਹਾਂ, ਰੋਜ਼ ਨਵੇਂ-ਨਵੇਂ ਸੋਮੇ ਤੇ ਤੰਤਰ ਵਿਕਸਿਤ ਹੁੰਦੇ ਜਾ ਰਹੇ ਹਨ। ਅਜਿਹੀ ਹਾਲਤ ਵਿੱਚ ਅਪਰਾਧੀਆਂ ਦਾ ਜੇਲ੍ਹ ਵਿੱਚ ਸੁਰੱਖਿਅਤ ਬੈਠ ਕੇ ਆਪਣੀਆਂ ਹਰਕਤਾਂ ਕਰੀ ਜਾਣਾ ਬਹੁਤ ਵੱਡਾ ਸਵਾਲੀਆ ਨਿਸ਼ਾਨ ਹੈ।ਨਸ਼ੇ ਲਈ ਪਹਿਲਾਂ ਤੋਂ ਬਦਨਾਮ ਪੰਜਾਬ ਫਿਰੌਤੀ ਦੇ ਨਵੇਂ ਤਰੀਕਿਆਂ ਕਾਰਨ ਹਰ ਕਿਸੇ ਦੇ ਨਿਸ਼ਾਨੇ ਉੱਤੇ ਹੈ। ਮੰਨਿਆ ਕਿ ਸਰਕਾਰ ਨਵੀਂ ਹੈ ਪਰ ਚੁਣੌਤੀਆਂ ਤਾਂ ਪੁਰਾਣੀਆਂ ਹਨ। ਇਸ ਸਥਿਤੀ ਵਿੱਚ ਅਚਾਨਕ ਸਭ ਲੋਕਾਂ ਨੂੰ ਦਿੱਤੀ ਗਈ ਸੁਰੱਖਿਆ ਇੱਕੋ ਝਟਕੇ ਵਿੱਚ ਹਟਾ ਲੈਣੀ ਅਤੇ ਦੂਜੇ ਹੀ ਦਿਨ ਇੱਕ ਪ੍ਰਮੁੱਖ ਸ਼ਖਸੀਅਤ ਦੀ ਹੱਤਿਆ ਹੋ ਜਾਣੀ ਵੀ ਮੁੱਖ ਮੰਤਰੀ ਦੇ ਗਲੇ ਦੀ ਹੱਡੀ ਬਣੇਗਾ।424 ਵਿਅਕਤੀਆਂ ਦੀ ਸੁਰੱਖਿਆ ਵਾਪਸ ਲੈਣ ਤੋਂ 24 ਘੰਟਿਆਂ ਅੰਦਰ ਹੀ ਮੂਸੇਵਾਲਾ ਦੀ ਹੱਤਿਆ ਹੋ ਗਈ। ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਕੋਲ ਦੋ ਕਮਾਂਡੋ ਸਨ। ਮੂਸੇਵਾਲਾ ਦੀ ਹੱਤਿਆ ਤੇ ਬੀਤੇ ਦੋ ਮਹੀਨਿਆਂ ਵਿੱਚ ਦੋ ਕਬੱਡੀ ਖਿਡਾਰੀਆਂ ਦੀ ਹੱਤਿਆ ਕਾਰਨ ਵੀ ਪੰਜਾਬ ਦਹਿਲ ਉਠਿਆ ਸੀ। ਕੌਮਾਂਤਰੀ ਕਬੱਡੀ ਖਿਡਾਰੀ ਸੰਦੀਪ ਸਿੰਘ ਨੰਗਲ ਦੀ 14 ਮਾਰਚ ਨੂੰ ਜਲੰਧਰ ਵਿੱਚ ਤੇ ਇੱਕ ਕਬੱਡੀ ਖਿਡਾਰੀ ਧਰਮਿੰਦਰ ਸਿੰਘ ਦੀ 5 ਅਪ੍ਰੈਲ ਨੂੰ ਪਟਿਆਲਾ ਦੀ ਪੰਜਾਬੀ ਯੂਨੀਵਰਸਿਟੀ ਕੰਪਲੈਕਸ ਦੇ ਬਾਹਰ ਇੱਕ ਢਾਬੇ ਉੱਤੇ ਹੋਈ ਹੱਤਿਆ ਕਾਰਨ ਵੀ ਪੰਜਾਬ ਦੀ ਸੁਰੱਖਿਆ ਵਿਵਸਥਾ ਉੱਤੇ ਸਵਾਲ ਉਠੇ ਸਨ।ਯਕੀਨੀ ਤੌਰ ਉੱਤੇ ਪੰਜਾਬ ਵਿੱਚ ਜੋ ਕੁਝ ਹੋ ਰਿਹਾ ਹੈ, ਉਹ ਸਰਕਾਰ ਅਤੇ ਦੇਸ਼ ਲਈ ਚੰਗਾ ਨਹੀਂ ਹੈ। ਮੰਨਿਆ ਕਿ ਸਰਕਾਰ ਦੀ ਨੀਤ ਠੀਕ ਹੈ, ਉਹ ਪੰਜਾਬ ਲਈ ਕੁਝ ਕਰਨਾ ਚਾਹੁੰਦੀ ਹੈ, ਪਰ ਪੰਜਾਬ ਦੇ ਪਿਛੋਕੜ ਨੂੰ ਦੇਖਦੇ ਹੋਏ ਸਰਕਾਰ ਅਤੇ ਸੱਤਾਧਾਰੀ ਪਾਰਟੀ ਦੇ ਮੁੱਖੀ ਦੇ ਉਪਦੇਸ਼ ਨਾਲ ਹਾਲਾਤ ਸੁਧਰਨ ਵਾਲੇ ਨਹੀਂ ਹਨ। ਸਭ ਤੋਂ ਪਹਿਲਾਂ ਸਖ਼ਤ ਫੈਸਲੇ ਲੈਣੇ ਹੋਣਗੇ। ਪੰਜਾਬ ਦੀ ਸੁਰੱਖਿਆ ਵਿਵਸਥਾ, ਸਿਆਸਤ ਅਤੇ ਪੁਰਾਣੇ ਘਟਨਾ-ਚੱਕਰ ਦੇਖਣ ਪਿੱਛੋਂ ਇੰਨੀ ਗੱਲ ਸਮਝ ਵਿੱਚ ਆਉਂਦੀ ਹੈ ਕਿ ਸਭ ਕੁਝ ਓਨਾ ਸੌਖਾ ਨਹੀਂ, ਜਿੰਨਾ ਦੱਸਣ ਦੀ ਕੋਸ਼ਿਸ਼ ਹੁੰਦੀ ਹੈ। ਯਕੀਨੀ ਤੌਰ ਉੱਤੇ ਸੂਬੇ ਦੀ ਸਰਕਾਰ ਨੂੰ ਕੇਂਦਰ ਨਾਲ ਇਸ ਮਸਲੇ ਉੱਤੇ ਬਹੁਤ ਸੰਜੀਦਗੀ ਨਾਲ ਮਿਲ ਕੇ ਕੰਮ ਕਰਨਾ ਹੋਵੇਗਾ।

ਭਾਵੇਂ ਅੱਤਵਾਦ ਦੀਆਂ ਜੜ੍ਹਾਂ, ਗੈਂਗ-ਵਾਰ ਜਾਂ ਫਿਰੌਤੀ ਦੀ ਵਸੂਲੀ ਦੀਆਂ ਘਟਨਾਵਾਂ ਹਨ,ਇਸ ਬਾਰੇ ਸਖ਼ਤੀ ਨਾਲ ਕੰਮ ਕਰਨਾ ਹੋਵੇਗਾ। ਘੱਟੋ-ਘੱਟ ਇੰਨਾ ਤਾਂ ਕਰਨਾ ਹੋਵੇਗਾ ਕਿ ਜੇਲ੍ਹ ਵਿੱਚ ਬੈਠੇ ਕਿਸੇ ਆਕਾ ਦਾ ਨਾਂ ਫਿਰ ਨਾ ਆਏ। ਜਿੰਨੇ ਵੀ ਵੱਡੇ ਅਤੇ ਖਤਰਨਾਕ ਅਪਰਾਧੀ ਜੇਲ੍ਹ ਵਿੱਚ ਹਨ, ਉਨ੍ਹਾਂ ਬਾਰੇ ਕੇਂਦਰ ਨਾਲ ਨਵੀਂ ਸਮੀਖਿਆ ਕੀਤੀ ਜਾਏ।ਅਜਿਹੇ ਅਪਰਾਧੀਆਂ ਨੂੰ ਸਰਪ੍ਰਸਤੀ ਦੇਣ ਅਤੇ ਜੇਲ੍ਹ ਵਿੱਚੋਂ ਗੈਂਗ ਆਪ੍ਰੇਟ ਕਰਨ ਵਰਗੀਆਂ ਚੁਣੌਤੀਆਂ ਨਾਲ ਨਵੇਂ ਸਾਈਬਰ ਯੁੱਗ ਵਿੱਚ ਸਖ਼ਤੀ ਨਾਲ ਨਜਿੱਠਣਾ ਹੋਵੇਗਾ। ਇਸ ਲਈ ਬੇਸ਼ੱਕ ਨਵਾਂ ਕਾਨੂੰਨ ਬਣੇ ਜਾਂ ਤੁਰੰਤ ਆਰਡੀਨੈਂਸ ਲਿਆਂਦਾ ਜਾਏ।

ਅਜਿਹੇ ਡਰਾਉਣ ਜਾਂ ਗਲਤ ਸੰਦੇਸ਼ ਦੇਣ ਵਾਲੇ ਸੋਸ਼ਲ ਮੀਡੀਆ ਅਕਾਊਂਟ ਨੂੰ ਤਾਂ ਤੁਰੰਤ ਗੈਰ-ਸਰਗਰਮ ਕੀਤਾ ਹੀ ਜਾ ਸਕਦਾ ਹੈ। ਘੱਟੋ-ਘੱਟ ਦੇਸ਼ ਵਿੱਚ ਉਹ ਵੀ ਜੇਲ੍ਹ ਵਿੱਚ ਬੈਠੇ ਅਪਰਾਧੀਆਂ ਬਾਰੇ ਅਜਿਹੀਆਂ ਜਾਣਕਾਰੀਆਂ ਬੇਚੈਨ ਕਰਦੀਆਂ ਹਨ।

# ਪਤੀ-ਪਤਨੀ ਹਰ ਸਮੇਂ ਲੜਦੇ ਕਿਉਂ ਹਨ?

ਜੇ ਤੁਸੀਂ ਪੁੱਛ ਰਹੇ ਹੋ, "ਪਤੀ-ਪਤਨੀ ਹਰ ਸਮੇਂ ਲੜਦੇ ਕਿਉਂ ਹਨ?" ਤਾਂ ਜਵਾਬ ਹੈ, ਉਹਨਾਂ ਵਿੱਚੋਂ ਜ਼ਿਆਦਾਤਰ ਨਹੀਂ ਲੜਦੇ।

ਜੇ ਤੁਸੀਂ ਪੁੱਛ ਰਹੇ ਹੋ, "ਸਾਰੇ ਪਤੀ-ਪਤਨੀ ਕਦੇ-ਕਦੇ ਲੜਦੇ ਕਿਉਂ ਹਨ?" ਤਾਂ ਜਵਾਬ ਹੈ, ਕਿਉਂਕਿ ਉਹ ਇੱਕ ਦੂਜੇ ਦੇ ਨੇੜੇ ਰਹਿ ਰਹੇ ਇੰਨਸਾਨ ਹਨ। ਜਿਥੇ ਦੋ ਵਰਤਣ ਕੱਠੇ ਰਹਿੰਦੇ ਹਨ ਉਹਨਾਂ ਵਿਚ ਕਦੇ ਕਦੇ ਦੋਨਾਂ ਦਾ ਆਪਸ ਵਿਚ ਟਕਰਾਂਉਣਾ ਤੇ ਅਵਾਜ਼ ਕਰਨਾ ਸਭਾਵਿਕ ਹੈ।

ਪਤੀ-ਪਤਨੀ ਹਮੇਸ਼ਾ ਲੜਦੇ ਨਹੀਂ ਹਨ। ਪਰ ਹਾਂ ਸ਼ੁਰੂਆਤੀ ਸਾਲਾਂ ਵਿੱਚ ਉਹਨਾਂ ਵਿੱਚ ਬਹੁਤ ਸਾਰੀਆਂ ਗਲਤਫ਼ਹਿਮੀਆਂ ਅਤੇ ਦਲੀਲਾਂ ਹੁੰਦੀਆਂ ਹਨ।

ਇਹ ਆਮ ਤੌਰ 'ਤੇ ਇਸ ਲਈ ਹੁੰਦਾ ਹੈ ਕਿਉਂਕਿ ਦੋਵਾਂ ਦਾ ਪਾਲਣ-ਪੋਸ਼ਣ ਵੱਖ-ਵੱਖ ਵਾਤਾਵਰਣਾਂ ਵਿੱਚ ਹੋਇਆ ਹੰਦਾ ਹੈ। ਜੋ ਇੱਕ ਲਈ ਆਮ ਹੈ ਉਹ ਦੂਜੇ ਲਈ ਆਮ ਨਹੀਂ ਹੋ ਸਕਦਾ। ਉਦਾਹਰਨ ਲਈ ਜੇਕਰ ਇੱਕ ਸਾਫ਼-ਸੁਥਰੇ ਮਾਹੌਲ ਵਿਚ ਰਹਿਣਾ ਪਸੰਦ ਕਰਦਾ ਹੈ, ਜਦੋਂ ਕਿ ਦੂਜੇ ਨੂੰ ਗੁੰਝਲਦਾਰ ਹਰ ਚੀਜ਼ ਜਿਥੇ ਦਿਲ ਕੀਤਾ ਸੁਟ ਦਿੱਤੀ ਵਾਲੇ ਮਾਹੌਲ ਵਿਚ ਰਹਿਣਾ ਪਸੰਦ ਕਰਦਾ ਹੈ। ਜਿਸ ਕਰਕੇ ਮਤਭੇਦ ਪੈਦਾ ਹੋਣੇ ਆਮ ਜਿਹਾ ਹੋ ਜਾਂਦਾ ਹੈ। ਅਜਿਹੇ ਬਹੁਤ ਸਾਰੇ ਮਤਭੇਦ ਹੋ ਸਕਦੇ ਹਨ ਜੋ ਉਹਨਾਂ ਵਿਚਕਾਰ ਲੜਾਈਆਂ ਅਤੇ ਝਗੜੇ ਦਾ ਕਾਰਨ ਬਣ ਸਕਦੇ ਹਨ।

ਇੱਕ ਨੌਜਵਾਨ ਜਾਣਕਾਰ ਜੋੜੇ ਦਾ ਕੁਝ ਮਹੀਨੇ ਪਹਿਲਾਂ ਹੀ ਵਿਆਹ ਹੋਇਆ ਸੀ। ਦੋਵੇਂ ਚੰਗੇ ਪੜ੍ਹੇ-ਲਿਖੇ ਅਤੇ ਚੰਗੀ ਨੌਕਰੀ ਕਰਦੇ ਸਨ। ਲੜਕੀ ਚਾਹੁੰਦੀ ਹੈ ਕਿ ਉਸਦਾ ਜੀਵਨ ਸਾਥੀ ਉਸਦੀ ਮਦਦ ਕਰੇ ਜਾਂ ਘਰ ਦੇ ਕੁਝ ਕੰਮ ਵਿਚ ਹੱਥ ਵਟਾਵੇ ਕਿਉਂਕਿ ਉਹ ਵੀ ਨੌਕਰੀ ਕਰਦੀ ਹੈ। ਉਸਦਾ ਜੀਵਨ ਸਾਥੀ ਕਈ ਵਾਰ ਉਸਦੀ ਮਦਦ ਕਰਦਾ ਹੈ ਅਤੇ ਕਈ ਵਾਰ ਨਹੀਂ ਕਰਦਾ। ਇਸ ਲਈ ਉਹ ਪਰੇਸ਼ਾਨ ਹੋ ਜਾਂਦੀ ਹੈ। ਉਸਦੀ ਦਲੀਲ ਹੈ ਕਿ 'ਘਰ ਦੇ ਕੰਮ ਮਰਦਾਂ ਲਈ ਵਿਕਲਪਿਕ ਅਤੇ ਔਰਤਾਂ ਲਈ ਲਾਜ਼ਮੀ ਕਿਉਂ ਹੋਣੇ ਚਾਹੀਦੇ ਹਨ, ਖਾਸ ਕਰਕੇ ਜਦੋਂ ਘਰ ਚਲਾਉਣ ਲਈ ਦੋਵੇਂ ਬਰਾਬਰ ਯੋਗਦਾਨ ਪਾ ਰਹੇ ਹਨ'?

ਪਤੀ ਦੀ ਦਲੀਲ ਹੈ, 'ਮੈਨੂੰ ਜ਼ਿਆਦਾ ਮਿਹਨਤ ਕਰਨੀ ਪਵੇਗੀ ਕਿਉਂਕਿ ਕੰਮ ਕਰਨ ਵਾਲੇ ਵਿਚ ਮਰਦਾਂ ਦਾ ਮੁਕਾਬਲਾ ਜ਼ਿਆਦਾ ਹੈ। ਜੇ ਉਹ ਆਪਣੀ ਨੌਕਰੀ ਗੁਆ ਦਿੰਦੀ ਹੈ ਤਾਂ ਸਮਾਜ ਅਤੇ ਰਿਸ਼ਤੇ ਕੁਝ ਨਹੀਂ ਕਹਿਣਗੇ ਪਰ ਜੇ ਮੈਂ ਆਪਣੀ ਨੌਕਰੀ ਗੁਆ ਦਿੱਤੀ ਤਾਂ ਮੇਰਾ ਮਜ਼ਾਕ ਉਡਾਇਆ ਜਾਵੇਗਾ। ਇਸ ਲਈ ਮੈਨੂੰ ਆਪਣੀ ਨੌਕਰੀ ਨੂੰ ਬਰਕਰਾਰ ਰੱਖਣ ਲਈ ਸਖ਼ਤ ਮਿਹਨਤ ਕਰਨੀ





ਸੁਰਜੀਤ ਸਿੰਘ ਫਲੋਰਾ

ਪਵੇਗੀ ਅਤੇ ਜ਼ਿਆਦਾ ਘੰਟੇ ਲਗਾਉਣੇ ਪੈਣਗੇ। ਜਿਸ ਕਰਕੇ ਉਹ ਥੱਕ ਜਾਂਦਾ ਹੈ, ਫਿਰ ਘਰ ਦਾ ਕੰਮ ਕਰਨ ਨਾਲ ਉਸ ਕੋਲ ਅਰਾਮ ਕਰਨ ਦਾ ਸਮਾਂ ਹੀ ਨਹੀਂ ਹੋਵੇਗਾ, ਜਿਸ ਕਾਰਨ ਕੰਮ ਤੇ ਉਹ ਥੱਕਿਆਂ ਥੱਕਿਆਂ ਮਹਿਸੂਸ ਕਰੇਗਾ ਤੇ ਆਪਣਾ ਪੂਰਾ ਕੰਮ ਨਹੀਂ ਕਰ ਪਾਏਗਾ ਇਥੋਂ ਤੱਕ ਕੇ ਬਹੁਤ ਸਾਰੀਆਂ ਗਲਤੀਆਂ ਵੀ ਕਰੇਗਾ। ਜਿਸ ਕਰਕੇ ਉਸ ਨੂੰ ਕੰਮ ਤੋਂ ਕੱਢਿਆ ਵੀ ਜਾ ਸਕਦਾ ਹੈ। ਪਰ ਮਰਦ ਇਹ ਭੁਲ ਜਾਂਦਾ ਹੈ ਕਿ ਇਹ ਹੀ ਨਿਯਮ ਔਰਤ ਅਤੇ ਉਸ ਦੇ ਕੰਮ ਕਰਨ ਤੇ ਵੀ ਲਾਗੂ ਹੁੰਦੇ ਹਨ।

ਕੋਈ ਵੀ ਗਲਤ ਨਹੀਂ ਹੈ। ਦੋਵੇਂ ਆਪਣੇ-ਆਪਣੇ ਤਰੀਕੇ ਨਾਲ ਸਹੀ ਹਨ। ਅੱਜ ਜੋ ਹਾਲਾਤ ਹਨ, ਉਹ ਜ਼ਿੰਮੇਵਾਰ ਹਨ। ਅੱਜ ਬਹੁਤੀਆਂ ਲੜਾਈਆਂ ਹਰ ਚੀਜ਼ ਵਿੱਚ ਬਰਾਬਰੀ ਬਾਰੇ ਹਨ। ਕੋਈ ਵੀ ਔਰਤ ਮਰਦ ਇਕ ਦੂਜੇ ਤੋਂ ਘੱਟ ਨਹੀਂ ਹਨ। ਅਜਿਹੀ ਸਥਿਤੀ ਵਿੱਚ ਘੱਟੋ-ਘੱਟ ਵਿਆਹ ਦੇ ਸ਼ੁਰੂਆਤੀ ਸਾਲਾਂ ਵਿੱਚ ਜਦੋਂ ਤੱਕ ਇਕ ਦੂਜੇ ਨੂੰ ਚੰਗੀ ਤਰ੍ਹਾਂ ਸਮਝ ਨਹੀਂ ਲੈਂਦੇ ਤੇ ਮਿਲ ਵਰਤ ਕੇ ਸਾਰਾ ਕੰਮ ਨਹੀਂ ਕਰ ਲੈਂਦੇ ਉਦੋਂ ਤੱਕ ਝਗੜੇ ਜ਼ਰੂਰ ਹੁੰਦੇ ਹਨ।

ਹਰੇਕ ਵਿਅਕਤੀ ਦੇ ਵਿਚਾਰ, ਦ੍ਰਿਸ਼ਟੀਕੋਣ, ਇੱਛਾਵਾਂ, ਲੋੜਾਂ, ਸੀਮਾਵਾਂ, ਪਰੇਸ਼ਾਨੀਆਂ ਹਨ - ਅਤੇ ਕੋਈ ਵੀ ਦੋ ਵਿਅਕਤੀ ਬਿਲਕੁਲ ਇੱਕੋ ਜਿਹੇ ਨਹੀਂ ਹੁੰਦੇ। ਇਸਦਾ ਮਤਲਬ ਹੈ ਕਿ ਵਿਅਕਤੀ ਅਕਸਰ ਵਿਵਾਦ ਵਿੱਚ ਆਉਂਦੇ ਹਨ. ਉਨ੍ਹਾਂ ਦੇ ਵੱਖੋ-ਵੱਖਰੇ ਵਿਚਾਰ, ਵੱਖੋ-ਵੱਖਰੇ ਦ੍ਰਿਸ਼ਟੀਕੋਣ, ਵੱਖੋ-ਵੱਖਰੀਆਂ ਇੱਛਾਵਾਂ, ਵੱਖੋ-ਵੱਖਰੀਆਂ ਲੋੜਾਂ, ਵੱਖਰੀਆਂ ਸੀਮਾਵਾਂ, ਵੱਖੋ-ਵੱਖਰੀਆਂ ਪਰੇਸ਼ਾਨੀਆਂ ਹਨ। ਉਹ ਅਸਹਿਮਤ ਹਨ। ਉਹ ਆਪਣਾ ਆਪਾ ਗੁਆ ਲੈਂਦੇ ਹਨ। ਉਹ ਵਹਿਸ ਕਰਦੇ ਹਨ।

ਹੁਣ, ਆਦਰਸ਼ਕ ਤੌਰ 'ਤੇ, ਤੁਸੀਂ ਕਿਸੇ ਅਜਿਹੇ ਵਿਅਕਤੀ ਨਾਲ ਵਿਆਹ ਕਰਦੇ ਹੋ ਜੋ ਤੁਹਾਡੇ ਨਾਲ ਬਹੁਤ ਜ਼ਿਆਦਾ ਮਿਲਦਾ-ਜੁਲਦਾ ਹੈ, ਜਿਸ ਨਾਲ ਝਗੜੇ ਦੇ ਮੌਕੇ ਘੱਟ ਹੁੰਦੇ ਹਨ। ਜਦੋਂ ਤੱਕ, ਬੇਸ਼ੱਕ, ਤੁਸੀਂ ਆਸਾਨੀ ਨਾਲ ਚਿੜਚਿੜੇ ਅਤੇ ਨਿਰਣਾਇਕ ਨਹੀਂ ਹੋ, ਜਿਸ ਸਥਿਤੀ ਵਿੱਚ ਕਿਸੇ ਨਾਲ ਬਰਾਬਰੀ ਨਾਲ ਆਸਾਨੀ ਨਾਲ ਚਿੜਚਿੜੇ ਅਤੇ ਨਿਰਣਾਇਕ ਨਾਲ ਵਿਆਹ ਕਰਨਾ ਵਧੇਰੇ ਵਿਵਾਦ ਵੱਲ ਲੈ ਜਾਂਦਾ ਹੈ। ਸਮਾਨਤਾ ਇੱਕ ਦੋ-ਧਾਰੀ ਤਲਵਾਰ ਹੈ। ਭਾਵੇਂ ਤੁਹਾਡੇ ਅਤੇ ਤੁਹਾਡੇ ਜੀਵਨ ਸਾਥੀ ਦੇ ਸਮਾਨ ਨੈਤਿਕਤਾ, ਸਮਾਨ ਮੁੱਲ, ਸਮਾਨ ਜੀਵਨਸ਼ੈਲੀ, ਅਤੇ ਇਸ ਤਰ੍ਹਾਂ, ਤੁਸੀਂ ਅਜੇ ਵੀ ਕਿਸੇ ਚੀਜ਼ 'ਤੇ ਅਸਹਿਮਤ ਹੋਵੋਗੇ। ਅਤੇ ਬਹੁਤ ਸਾਰੇ ਲੋਕਾਂ ਲਈ, ਅਸਹਿਮਤੀ ਲਾਜ਼ਮੀ ਤੌਰ 'ਤੇ ਗੁੱਸੇ ਅਤੇ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਅਤੇ ਬੇਰਹਿਮ, ਗੰਦੀ ਸ਼ਬਦਾਂਵਲੀ ਘਟੀਆਂ ਸੋਚ ਵੱਲ ਲੈ ਜਾਂਦੀ ਹੈ।

ਪਤੀ -ਪਤਨੀ ਵਿਚਕਾਰ ਬਹੁਤ ਸਾਰੇ ਵੱਡੇ ਝਗੜੇ ਨਹੀਂ ਹੋਏ ਹਨ, ਪਰ ਛੋਟੀਆਂ -ਛੋਟੀਆਂ ਬਹਿਸਾਂ ਵਿੱਚ ਪੈ ਜਾਂਦੇ ਹਨ ਜੋ ਕਾਬੂ ਤੋਂ ਕਈ ਵਾਰ ਬਾਹਰ ਹੋ ਜਾਂਦੇ ਹਨ। ਜੋ ਇਕ ਦੂਸਰੇ ਨੂੰ ਚੰਗੇ ਨਹੀਂ ਲਗਦੇ, ਜਿਸ ਕਾਰਨ ਇਕ ਦੂਜੇ ਵਿਚ ਨਾਰਾਜ਼ਗੀ ਵੱਧ ਜਾਂਦੀ ਹੈ। ਚਿੜ ਜਾਂਦਾ ਹੈ। ਉਥੇ ਫਿਰ " ਮੈਂ " ਹਾਊਮੈਂ ਵੀ ਆ ਜਾਂਦੀ ਹੈ ਕਿ ਮੈਨੂੰ ਇਸ ਨੇ ਇਹ ਕਿਹਾ ਉਹ ਕਿਹਾ ਜਿਸ ਕਾਰਨ ਲੜਾਈ ਘਟਨ ਦੀ ਵਜਾਏ ਇਹ ਹੌਲੀ-ਹੌਲੀ ਪਰ ਯਕੀਨੀ ਤੌਰ 'ਤੇ ਵਧ ਜਾਂਦੀ ਹੈ, ਕਦਮ-ਦਰ-ਕਦਮ, ਅੱਗੇ-ਅੱਗੇ, ਜਦੋਂ ਤੱਕ ਦੋਨੋਂ ਇੱਕ ਦੂਜੇ 'ਤੇ ਗੁੱਸੇ ਨਹੀਂ ਹੁੰਦੇ ਪਰ ਜਿਵੇਂ ਜਿਵੇਂ ਸਮਾਂ ਆਪਣੀ ਰਫ਼ਤਾਰ ਚਲਦਾ ਜਾਂਦਾ ਹੈ। ਦੋਨੋਂ ਮਿਲ ਵਰਤ ਕੇ ਕੰਮ ਕਰਨਾ ਸ਼ੁਰੂ ਕਰ ਦਿੰਦੇ ਹਨ। ਇਕ ਦੂਸਰੇ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਨ, ਦੋਨੋਂ ਆਪਣੇ ਆਪ ਨੂੰ ਕੁਝ ਬਦਲਦੇ ਹਨ ਮਾਹੌਲ ਦੇ ਮੁਤਾਬਿਕ ਤੇ ਫਿਰ ਮਨ ਵਿਚ ਸਵਾਲ ਉਠਦਾ ਹੈ ਕਿ ਅਸਲ ਵਿੱਚ, ਅਸੀਂ ਕਿਸ ਬਾਰੇ ਲੜ ਰਹੇ ਸੀ।

ਇਸ ਦੇ ਤਲ 'ਤੇ, ਮੈਨੂੰ ਲੱਗਦਾ ਹੈ, ਆਮ ਮਨੁੱਖੀ ਕਮਜ਼ੋਰੀ ਸੀ. ਅਸੁਰੱਖਿਆ. ਕਮਜ਼ੋਰੀ। ਸਵੀਕਾਰ ਕੀਤੇ ਜਾਣ ਦੀ ਇੱਛਾ, ਅਤੇ ਆਲੋਚਨਾ ਦਾ ਡਰ। ਹਰ ਕੋਈ ਕਦੇ ਨਾ ਕਦੇ ਇਹ ਗੱਲਾਂ ਮਹਿਸੂਸ ਕਰਦਾ ਹੈ। ਅਤੇ ਸਾਡੇ ਵਿੱਚੋਂ ਬਹੁਤ ਸਾਰੇ ਲੋਕਾਂ ਨੇ ਇਹਨਾਂ ਭਾਵਨਾਵਾਂ ਦੇ ਜਵਾਬ ਵਿੱਚ ਘਟੀਆ ਆਦਤਾਂ ਵਿਕਸਿਤ ਕੀਤੀਆਂ ਹੋਇਆ ਹਨ. ਅਸੀਂ ਅਜੇ ਵੀ ਮੈਂ ਮੇਰੀ ਖੇਡ ਦੇ ਮੈਦਾਨ ਵਿਚ ਫਸੇ ਹੋਏ ਹਾਂ।

ਇਸ ਲਈ ਜੇਕਰ ਤੁਸੀਂ ਆਮ ਮਨੁੱਖੀ ਭਾਵਨਾਵਾਂ ਨੂੰ ਮਹਿਸੂਸ ਕਰਦੇ ਹੋ, ਅਤੇ ਤੁਹਾਡੀਆਂ ਆਮ ਮਨੁੱਖੀ ਆਦਤਾਂ ਹਨ, ਅਤੇ ਤੁਸੀਂ ਕਿਸੇ ਹੋਰ ਆਮ ਮਨੁੱਖ ਨਾਲ ਬਹੁਤ ਸਾਰਾ ਸਮਾਂ ਬਿਤਾਉਂਦੇ ਹੋ ਤਾਂ ਇਕ ਦੂਜੇ ਨੂੰ ਸਮਝਣ ਲੱਗ ਜਾਂਦੇ ਹੋ। ਇਹ ਲੜਾਈ ਝਗੜੇ ਆਪਣੇ ਆਪ ਹੀ ਹੌਲੀ ਹੌਲੀ ਕਰਕੇ ਖਤ੍ਮ ਹੋ ਜਾਂਦੇ ਹਨ।

ਜਦੋਂ ਤੁਸੀਂ ਕਮਜ਼ੋਰ ਮਹਿਸੂਸ ਕਰਦੇ ਹੋ ਤਾਂ ਬੁਰੀਆਂ ਆਦਤਾਂ ਨੂੰ ਛੱਡਣਾ, ਕੁਝ ਸਮਾਨ ਨੂੰ ਛੱਡਣਾ ਅਤੇ ਆਪਣੇ ਆਪ ਨੂੰ ਮਜ਼ਬੂਤ ਕਰਨਾ ਸੰਭਵ ਹੈ। ਮਤਲਬ ਘੱਟ ਲੜਾਈ। ਇਹ ਅਜੀਬ ਹੋਵੇਗਾ ਜੇਕਰ ਲੜਾਈ ਕਦੇ ਨਹੀਂ ਹੋਈ, ਪਰ ਇੱਕ ਦੋ-ਸਾਲਾ ਝਗੜਾ ਬਹੁਤ ਬੁਰਾ ਨਹੀਂ ਹੈ। ਪਰ ਹਰ ਝਗੜੇ ਦੀ ਕੋਈ ਹੱਦ ਹੁੰਦੀ ਹੈ। ਜੇਕਰ ਉਹ ਝਗੜਾ ਇਕ ਦੂਜੇ ਦੀ ਜਾਨ ਨੂੰ ਨੁਕਸਾਨ ਪਹੁੰਚਾਉਣ ਤੱਕ ਵਧ ਜਾਂਦਾ ਹੈ ਤਾਂ ਇਸ ਤੋਂ ਕਿਨਾਰਾਂ ਕਰਨਾ ਹੀ ਇਕ ਚੰਗਾ ਫੈਸਲਾਂ ਹੁੰਦਾ ਹੈ।

# ਆਪ ਮੋਏ ਜਗ ਪਰਲੋ

ਡਾਕਟਰ ਓਪਿੰਦਰ ਸਿੰਘ ਲਾਂਬਾ

ਦੇਸ਼ ਦੀ ਵੰਡ ਮਗਰੋਂ ਮੇਰੇ ਦਾਦਾ ਜੀ, ਜਿਨ੍ਹਾਂ ਨੂੰ ਅਸੀਂ ਸਤਿਕਾਰ ਵਜੋਂ ਭਾਪਾ ਜੀ ਬੁਲਾਉਂਦੇ ਸਾਂ, 1947 ਵਿੱਚ ਨਵੰਬਰ ਮਹੀਨੇ ਆਪਣੀ ਜਨਮ ਭੋਇੰ ਰਾਵਲਪਿੰਡੀ ਤੋਂ ਉਜੜ ਕੇ ਰੋਪੜ ਆ ਵੱਸੇ। ਇੱਥੇ ਆ ਕੇ ਉਨ੍ਹਾਂ ਕਰੜੀ ਮਿਹਨਤ-ਮੁਸ਼ੱਕਤ ਕੀਤੀ ਅਤੇ ਆਪਣਾ ਟੱਬਰ ਪਾਲਣ ਲਈ ਬਿਸਕੁਟਾਂ ਦੀ ਦੁਕਾਨ ਖੋਲ੍ਹੀ। ਸਾਡੇ ਦਾਦੀ ਜੀ, ਜਿਨ੍ਹਾਂ ਨੂੰ ਅਸੀਂ ਮੋਹ ਨਾਲ ਭਾਬੀ ਜੀ ਸੱਦਦੇ ਸਾਂ, ਨੇ ਭਾਪਾ ਜੀ ਨਾਲ ਮੋਢੇ ਨਾਲ ਮੋਢ ਡਾਹ ਕੇ ਦੁਕਾਨ ਦੇ ਕੰਮ ਵਿੱਚ ਪੂਰਾ ਹੱਥ ਵਟਾਇਆ। ਇੱਥੋਂ ਤੱਕ ਕਿ ਕਈ ਵਾਰ ਉਹ ਇਕੱਲਿਆਂ ਹੀ ਚਾਲੀ-ਪੰਜਤਾਲੀ ਕਿਲੋ ਮੈਦੇ ਦੇ ਬਿਸਕੁਟ, ਰਸ, ਡਬਲ ਰੋਟੀ ਤੇ ਕੇਕ ਆਦਿ ਤਿਆਰ ਕਰਨ ਲਈ ਖਮੀਰ ਫੈਂਟ ਲੈਂਦੇ ਸਨ। ਸਿਰੇ ਦੇ ਸਿਰੜੀ ਸਨ ਸਾਡੇ ਭਾਪਾ ਜੀ, ਜਿਨ੍ਹਾਂ ਨੇ ਸੱਚੀ-ਸੁੱਚੀ ਕਿਰਤ ਨੂੰ ਪ੍ਰਣਾਏ ਅਸੂਲਾਂ ਸਦਕਾ ਦਸਾਂ ਨਹੁੰਆਂ ਦੀ ਕਮਾਈ ਨਾਲ ਹੀ ਆਪਣੀ ਕਬੀਲਦਾਰੀ ਨਜਿੱਠੀ।

ਇਨ੍ਹਾਂ ਵਿਲੱਖਣ ਗੁਣਾਂ ਕਾਰਨ ਸ਼ਹਿਰ ਦੇ ਲੋਕ ਉਨ੍ਹਾਂ ਨੂੰ 'ਭਗਤ ਜੀ' ਕਹਿ ਕੇ ਬੁਲਾਉਂਦੇ ਸਨ। ਉਹ ਹਮੇਸ਼ਾ ਹੀ ਝੂਠੀ ਉਸਤਤ, ਨਿੰਦਾ ਚੁਗਲੀ ਤੇ ਬੇਈਮਾਨੀ ਦੀ ਕਮਾਈ ਤੋਂ ਕੋਹਾਂ ਦੂਰ ਰਹੇ। ਉਹ ਕਦੇ ਵੀ ਆਪਣੇ ਤੋਂ ਉਚੇ ਤੇ ਅਮੀਰ ਬੰਦੇ ਨੂੰ ਵੇਖ ਕੇ ਨਾ ਝੂਰਦੇ ਅਤੇ ਹਮੇਸ਼ਾ ਆਪਣੇ ਤੋਂ ਮਾੜੇ-ਲਤਾੜੇ ਤੇ ਗੁਰਬਤ ਵਿੱਚ ਰਹਿ ਰਹੇ ਲੋਕਾਂ ਤੋਂ ਪ੍ਰੇਰਨਾ ਲੈਂਦਿਆਂ ਅਕਸਰ ਇਹੀ ਕਹਿੰਦੇ, ''ਸ਼ੁਕਰ ਹੈ ਰੱਬਾ ਤੇਰਾ, ਜੀਹਨੇ ਸਾਡੇ ਵਰਗੇ ਨਿਮਾਣਿਆਂ ਅਤੇ ਨਿਤਾਣਿਆਂ ਨੂੰ ਸਿਰ ਲੁਕੋਣ ਨੂੰ ਛੱਤ, ਤਨ ਢਕਣ ਨੂੰ ਲੀੜੇ ਤੇ ਇੱਜ਼ਤ ਦੀ ਰੋਜ਼ੀ-ਰੋਟੀ ਦਿੱਤੀ ਹੈ। ਨਹੀਂ ਤਾਂ ਦੁਨੀਆ ਵਿੱਚ ਬੇਅੰਤ ਅਜਿਹੇ ਲੋਕ ਵੀ ਹਨ, ਜਿਨ੍ਹਾਂ ਨੂੰ ਦੋ ਵਕਤ ਦੀ ਰੋਟੀ ਨਹੀਂ ਜੁੜਦੀ।''

ਉਨ੍ਹਾਂ ਦਾ ਹਿਰਦਾ ਰੱਬੀ ਮਿਹਰ ਨਾਲ ਇੰਨਾ ਵਰੋਸਾਇਆ ਹੋਇਆ ਸੀ ਕਿ ਉਹ ਸਦਾ ਰੱਬ ਦਾ ਸ਼ੁਕਰਾਨਾ ਕਰਦਿਆਂ ਨਾ ਥੱਕਦੇ ਅਤੇ ਆਖਰੀ ਸਾਹਾਂ ਤੱਕ ਜਾਪ, ਕਿਰਤ ਅਤੇ ਵੰਡ ਛਕਣ ਦੇ ਅਕੀਦੇ ਉੱਤੇ ਅਟਲ ਰਹੇ। ਜੇ ਕਦੀ-ਕਦਾਈਂ ਕੋਈ ਲੋੜਵੰਦ, ਭੁੱਖਾ ਤਿਹਾਇਆ ਉਨ੍ਹਾਂ ਦੇ ਦਰ ਉੱਤੇ ਆ ਜਾਂਦਾ ਤਾਂ ਉਹ ਇਹੀ ਆਖਦਿਆਂ ਉਸ ਨੂੰ ਰੋਟੀ-ਟੁੱਕ, ਪੈਸਾ-ਧੇਲਾ ਜਾਂ ਦਵਾਈ ਬੂਟੀ ਦਿੰਦੇ, ''ਅਸੀਂ ਕੌਣ ਹੁੰਦੇ ਹਾਂ ਕਿਸੇ ਨੂੰ ਕੁਝ ਦੇਣ ਵਾਲੇ।ਇਹ ਤਾਂ ਰੱਬ ਦੀ ਮਿਹਰ ਹੈ। ਪਤਾ ਨਹੀਂ ਉਹ ਕਿਸ ਦੇ ਭਾਗਾਂ ਨਾਲ ਸਾਨੂੰ ਰਿਜ਼ਕ ਦੇ ਰਿਹੈ।'' ਲੋਕਾਚਾਰੀ ਦੀਆਂ ਚੁਸਤ-ਚਲਾਕੀਆਂ ਤੋਂ ਕੋਹਾਂ ਦੂਰ ਉਹ ਅਕਸਰ ਇਹੀ ਕਹਿੰਦੇ, ''ਉਸ ਦੇ ਹੁਕਮ ਤੋਂ ਬਿਨਾਂ ਪੱਤਾ ਨਹੀਂ ਹਿੱਲਦਾ, ਲੋੜਾਂ ਪੂਰੀਆਂ ਹੁੰਦੀਆਂ ਰਹਿਣ, ਖਾਹਿਸ਼ਾਂ ਦਾ ਕੋਈ ਅੰਤ ਨਹੀਂ।'' ਉਨ੍ਹਾਂ ਦੀ ਇਹ ਸਿਦਕ ਦਿਲੀ ਤੇ ਰੱਬ ਵਿੱਚੇ ਲਾਮਿਸਾਲ ਭਰੋਸਾ ਸੀ ਕਿ ਉਹ ਅਕਸਰ ਆਖਦੇ, ''ਜਦੋਂ ਮੈਂ ਵਤਨੋਂ (ਪਾਕਿਸਤਾਨੋਂ) ਆਇਆ ਤਾਂ ਮੇਰੇ ਬੋਝੇ ਵਿੱਚ ਸਿਰਫ ਸੱਤਰ ਰੁਪਏ ਸਨ, ਜਿਨ੍ਹਾਂ ਨਾਲ ਮੈਂ ਦੁਕਾਨ, ਮਕਾਨ ਲਏ ਤੇ ਧੀਆਂ ਦੇ ਵਿਆਹ ਕੀਤੇ ਤੇ ਮੁੰਡਿਆਂ ਨੂੰ ਪੜ੍ਹਾ ਕੇ ਰੁਜ਼ਗਾਰ ਦੇ ਕਾਬਲ ਬਣਾਇਆ। ਬਿਨਾਂ ਕਿਸੇ ਸ਼ਰਮ-ਝਿਜਕ ਤੋਂ ਭਾਪਾ ਜੀ ਬੇਕਰੀ ਉੱਤੇ ਬਣੀਆਂ ਵਸਤਾਂ ਤਿੰਨ-ਪਹੀਆਂ ਵਾਲੀ ਰੇਹੜੀ ਉੱਤੇ ਲੱਦ ਕੇ ਸ਼ਹਿਰ, ਬਸ ਅੱਡਾ ਤੇ ਰੇਲਵੇ ਸਟੇਸ਼ਨ ਦੀਆਂ ਦੁਕਾਨਾਂ ਉੱਤੇ ਸਪਲਾਈ ਕਰਦੇ ਸਨ, ਕਿਉਂ ਜੋ ਉਨ੍ਹਾਂ ਦਾ ਮੰਨਣਾ ਸੀ ਕਿ ਇਨਸਾਨ ਨੂੰ ਕਿਰਤ ਕਰਦਿਆਂ ਕਿਸੇ ਦੀ ਪ੍ਰਵਾਹ ਨਹੀਂ ਕਰਨੀ ਚਾਹੀਦੀ।

ਭਾਪਾ ਜੀ ਅਕਸਰ ਗੱਲੀਂ-ਬਾਤੀਂ ਮੇਰੇ ਨਾਲ ਜ਼ਿਕਰ ਕਰਦੇ ਸਨ ਕਿ ਤੇਰਾ ਪਿਓ ਅਤੇ ਚਾਚਾ ਨੌਕਰੀ ਲੱਗਣ ਮਗਰੋਂ ਮੇਰੇ ਰੇਹੜੀ ਧੱਕਣ ਉੱਤੇ ਇਤਰਾਜ਼ ਜਤਾਉਂਦਿਆਂ ਕਹਿੰਦੇ, ''ਭਾਪਾ ਜੀ, ਭੋਰਾ ਸਾਡੀ ਹੈਸੀਅਤ ਦਾ ਖਿਆਲ ਕਰੋ। ਤੁਸੀਂ ਚੰਗੇ ਲੱਗਦੇ ਜੇ ਇਸ ਉਮਰੇ ਰੇਹੜੀ ਧਰੂਕਦੇ? ਲੋਕ ਕੀ ਕਹਿਣਗੇ ਸਾਡੇ ਬਾਰੇ?''

ਸੁਭਾਅ ਪੱਖੋਂ ਭਾਪਾ ਜੀ ਇੰਨੇ ਸਾਊ, ਮਿੱਠ ਬੋਲੜੇ ਤੇ ਰੱਬੀ ਭਾਣੇ ਵਿੱਚ ਰਹਿਣ ਵਾਲੇ ਇਨਸਾਨ ਸਨ ਜਿਨ੍ਹਾਂ ਨੇ ਕਦੇ ਵੀ ਦੁਕਾਨ ਉੱਤੇ ਬੈਠ ਕੇ ਗੱਲੇ ਉੱਤੇ ਪਹਿਰਾ ਨਹੀਂ ਸੀ ਦਿੱਤਾ। ਉਹ ਕਹਿੰਦੇ, ਜੇ ਕੋਈ ਨੌਕਰ-ਚਾਕਰ ਨੇ ਪੰਜ-ਦਸ ਰੁਪਏ ਕੱਢ ਵੀ ਲਏ ਜਾਂ ਰਾਤ ਨੂੰ ਜਾਣ ਲੱਗਿਆਂ ਪਾਈਆ-ਦੋ ਪਾਈਆ ਖੰਡ, ਆਟਾ ਜਾਂ ਘਿਓ ਲੈ ਵੀ ਗਿਆ ਤਾਂ ਕੀ ਫਰਕ ਪੈਂਦੈ, ਚੋਰੀ ਤਾਂ ਟਾਟੇ-ਬਿਰਲੇ ਵਰਗੇ ਨਹੀਂ ਰੋਕ ਸਕੇ। ਉਹ ਅਕਸਰ ਕਹਿੰਦੇ, ''ਆਖਰ ਵੇਲੇ ਬੰਦੇ ਨਾਲ ਕੁਝ ਨਹੀਂ ਜਾਂਦਾ, ਬੰਦਾ ਖਾਲੀ ਹੱਥ ਆਉਂਦਾ ਤੇ ਖਾਲੀ ਹੱਥ ਹੀ ਮੁੜ ਜਾਂਦੈ।''

ਮੀਂਹ-ਹਨੇਰੀ ਹੋਵੇ, ਤਪਦੀ ਗਰਮੀ ਜਾਂ ਕੜਕੇ ਦੀ ਠੰਢ, ਭਾਪਾ ਜੀ ਦਾ ਨੇਮ ਸੀ ਕਿ ਉਨ੍ਹਾਂ ਨੇ ਦੁਪਹਿਰੇ ਦੋ ਘੰਟੇ ਰੋਟੀ ਖਾ ਕੇ ਜ਼ਰੂਰ ਸੌਣਾ ਤੇ ਫਿਰ ਸ਼ਾਮ ਨੂੰ ਚਾਹ ਪੀ ਕੇ ਪੰਜ ਵਜੇ ਦੁਕਾਨ ਉੱਤੇ ਚਲੇ ਜਾਣਾ। ਉਹ ਸਾਢੇ ਅੱਠ ਵਜੇ ਘਰ ਆ ਜਾਂਦੇ ਤੇ ਨੌਕਰ ਨੌਂ ਵਜੇ ਦੁਕਾਨ ਵਧਾ ਕੇ ਭਾਪਾ ਜੀ ਨੂੰ ਕੁੰਜੀਆਂ ਫੜਾ ਜਾਂਦੇ। ਇੰਝ ਹੀ ਦਿਨ ਦੀ ਸ਼ੁਰੂਆਤ ਹੁੰਦੀ। ਨੌਕਰ ਸਵੇਰੇ ਛੇ ਵਜੇ ਦੁਕਾਨ ਖੋਲ੍ਹਦਾ ਤੇ ਭਾਪਾ ਜੀ ਆਪਣਾ ਧਰਮ-ਕਰਮ ਦਾ ਕੰਮ ਨਿਬੇੜ ਕੇ ਨੌਂ ਵਜੇ ਦੁਕਾਨ ਉੱਤੇ ਅੱਪੜਦੇ। ਉਨ੍ਹਾਂ ਨੇ ਵਡੇਰੀ ਉਮਰੇ ਦੁਕਾਨ ਦਾ ਕੰਮ ਛੱਡ ਕੇ ਆਪਣੇ ਸਭ ਤੋਂ ਪੁਰਾਣੇ ਤੇ ਵਫਾਦਾਰ ਨੌਕਰ ਨੂੰ ਪੰਜਾਹ ਫੀਸਦੀ ਦਾ ਭਾਈਵਾਲ ਬਣਾ ਕੇ ਦੁਕਾਨ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਅਤੇ ਆਪ ਇਸ 99 ਦੇ ਗੇੜ ਵਿੱਚੋਂ ਫਾਰਗ ਹੋ ਗਏ। ਉਨ੍ਹਾਂ ਦੀ ਮਸਤਮੌਲਾ ਤਬੀਅਤ ਦਾ ਮੈਂ ਚਸ਼ਮਦੀਦ ਗਵਾਹ ਹਾਂ। ਜਦੋਂ ਅੱਸੀਵਿਆਂ ਵਿੱਚ ਭਾਪਾ ਜੀ ਇੱਕ ਦਿਨ ਡਿਓੜੀ ਵਿੱਚ ਵਾਣ ਦੇ ਮੰਜੇ ਉੱਤੇ ਲੇਟ ਕੇ ਹੱਥ ਵਿੱਚ ਗੁਟਕਾ ਸਾਹਿਬ ਫੜੀ ਰੋਜ਼ਮੱਰਾ ਵਾਂਗ ਪਾਠ ਕਰ ਰਹੇ ਸਨ, ਉਮਰ ਦੇ ਤਕਾਜ਼ੇ ਸਦਕਾ ਪਾਠ ਕਰਦਿਆਂ ਜਦੋਂ ਉਨ੍ਹਾਂ ਨੂੰ ਨੀਂਦ ਦੇ ਟੂਲੇ ਆਉਣ ਲੱਗਦੇ ਤਾਂ ਉਹ ਕਦੇ ਅੱਖਾਂ ਮੁੰਦ ਲੈਂਦੇ ਤੇ ਕਦੇ ਖੋਲ੍ਹ ਕੇ ਮੁੜ ਪਾਠ ਕਰਨ ਲੱਗਦੇ।

ਅਚਾਨਕ ਦਾਦੀ ਜੀ ਨੇ ਭਾਪਾ ਜੀ ਨੂੰ ਆਵਾਜ ਮਾਰਦਿਐਂ ਕਿਹਾ, ''ਕੈਲਾਸ਼ ਦੇ ਭਾਪਾ ਉਠ ਪਤਾ ਲੱਗੈ ਕਿ ਵੀਰਾਂਵਾਲੀ ਦਾ ਘਰਵਾਲਾ ਬਿਸ਼ਨਾ ਅੱਜ ਸਰਘੀ ਵੇਲੇ ਪੂਰਾ ਥੀ ਗਿਐ।'' ਉਹ ਅੱਗੋਂ ਸਹਿਜ ਸੁਭਾਅ ਬੋਲੇ, ''ਵਤ ਫਿਰ ਕੇ ਹੋਇਐ, ਜਿਨੇ ਉਸਨੇ ਸਵਾਸ ਸਨ, ਉਹ ਪੂਰੇ ਕਰ ਕੇ ਟੁਰ ਗਿਐ।'' ਦਾਦੀ ਜੀ ਨੇ ਦਾਦਾ ਜੀ ਨੂੰ ਸਮਝਾਉਂਦਿਆਂ ਕਿਹਾ, ''ਸਾਈਆਂ! ਵਤ ਦੁਨੀਆਦਾਰੀ ਵੀ ਕੋਈ ਸ਼ੈਅ ਏ, ਘੱਟੋ-ਘੱਟ ਉਸ ਦੀ ਸ਼ਰਮ ਕਰ, ਜੇ ਸ਼ਮਸ਼ਾਨਘਾਟ ਨਹੀਂ ਵੰਞਣਾਂ ਤਾਂ ਭਲਿਆ ਲੋਕਾ ਇਥੋਂ ਈ ਮੱਜਲ ਵਿੱਚ ਰਲ ਵੰਞ।ਹੋਰ ਦਸਾਂ-ਪੰਦਰਾਂ ਮਿੰਟਾਂ ਵਿੱਚ ਇੱਥਹੋਂ ਈ ਤਾਂ ਸਾਰੇ ਲੰਘਸਣ।'' ਭਾਪਾ ਜੀ ਭੋਲੇ ਭਾਅ ਕਹਿਣ ਲੱਗੇ, ''ਸੁਣ ਮੈਂਡੀ ਗਲ, ਝੱਲੀਏ! ਤੂੰ ਵੰਞਣਾ ਈ ਤੇ ਵੰਞ, ਮੈਂ ਤਾਂ ਪਾਠ ਪਿਆ ਕਰੇਨਾ। ਜਦ ਪੂਰਾ ਥੀਸੀ ਤਾਂ ਹੀ ਵੰਞਸਾਂ।'' ਦਾਦੀ ਜੀ ਨੂੰ ਇਹ ਸੁਣ ਕੇ ਗੁੱਸਾ ਆ ਗਿਆ ਤੇ ਅੱਗੋਂ ਬੋਲੇ, ''ਛੋੜ ਗਿਆਂ ਦਿਐ, ਜੇ ਕੱਲ੍ਹ ਤੂੰ ਮੋਇਆਂ ਤਾਂ ਥੈਂਡੇ ਬੋਗੇ ਉੱਤੇ ਵੀ ਕੋਈ ਨਾ ਆਓਸੀ।''

ਭਾਪਾ ਜੀ ਆਪਣੇ ਸੁਭਾਅ ਦੇ ਉਲਟ ਤੈਸ਼ ਵਿੱਚ ਅੱਗੋਂ ਬੋਲੇ, ''ਵੰਞ-ਵੰਞ ਕੰਮ ਕਰ, ਨਹੀਂ ਕਿਸੇ ਆਵਣਾ ਨਾ ਥੀਏ, ਮੈਂ ਓਦੋਂ ਕੋਈ ਤੱਕਣ ਆਂਵਣੈ ਕਿ ਮੇਰੇ ਭੋਗੇ ਉੱਤੇ ਕੌਣ ਆਇਐ ਹਾਈ।'' ਮੈਂ ਲਾਗੇ ਬੈਠਾ ਇਮਤਿਹਾਨ ਦੀ ਤਿਆਰੀ ਕਰਦਾ ਭਾਪਾ ਜੀ ਦੀ ਗੱਲ ਸੁਣ ਕੇ ਮੁਸਕੜੀਆਂ ਵਿੱਚ ਹੱਸਦਿਆਂ ਸੋਚੀ ਜਾ ਰਿਹਾ ਸੀ ਕਿ ਭਾਪਾ ਜੀ ਨੇ ਬਾ-ਕਮਾਲ ਤਰਕ ਦਿੰਦਿਆਂ ਕੋਈ ਗਲਤ ਗੱਲ ਤਾਂ ਨਹੀਂ ਕਹੀ। ਵਾਕਿਆ ਹੀ ਜੋ ਉਨ੍ਹਾਂ ਨੇ ਕਿਹਾ ਸੀ, ਉਹ ਸੌਲਾਂ ਆਨੇ ਸੱਚ ਤੇ ਗੈਬੀ ਗਿਆਨ ਦੇ ਤੁੱਲ ਸੀ ਕਿਉਂ ਜੋ 'ਆਪ ਮੋਏ ਜਗ ਪਰਲੋ।'

## ਹਲਕਾ-ਫੁਲਕਾ


ਚਿੰਟੂ (ਪੱਪੂ ਨੂੰ), ''ਤੂੰ ਅੱਜ ਤੱਕ ਕਦੀ ਕਿਸੇ ਦੀ ਸ਼ੋਕ ਸਭਾ ਵਿੱਚ ਗਿਆ ਹੈਂ?''
ਪੱਪੂ, ''ਹਾਂ ਯਾਰ! ਇੱਕ ਵਾਰੀ ਗਿਆ ਸੀ, ਪਰ ਬਹੁਤ ਹੀ ਬੇਕਾਰ ਲੋਕ ਸਨ।''
ਚਿੰਟੂ, ''ਕਿਉਂ?''
ਪੱਪੂ, ''ਮੈਂ ਉਥੇ ਤਿੰਨ ਘੰਟੇ ਤੱਕ ਬੈਠਾ ਰਿਹਾ, ਕਿਸੇ ਨੇ ਮੇਰੇ ਨਾਲ ਹੱਸ ਕੇ ਗੱਲ ਤੱਕ ਨਹੀਂ ਕੀਤੀ।''

********

ਲੜਕਾ, ''ਅੱਛਾ ਦੱਸ ਤੈਨੂੰ ਕਿਹੋ ਜਿਹੇ ਸਹੁਰੇ ਚਾਹੀਦੇ ਹਨ?''
ਲੜਕੀ, ''ਕਿਵੇਂ ਦੇ ਵੀ ਹੋਣ, ਬਸ ਉਥੇ ਮੋਬਾਈਲ ਦਾ ਇੰਟਰਨੈਟ ਸਹੀ ਢੰਗ ਨਾਲ ਕੰਮ ਕਰਦਾ ਹੋਵੇ।''

********

ਪਤਨੀ ਬੀਮਾਰ ਪਤੀ ਨੂੰ ਡਾਕਟਰ ਕੋਲ ਲੈ ਗਈ, ਡਾਕਟਰ ਬੋਲਿਆ, ''ਇਨ੍ਹਾਂ ਨੂੰ ਚੰਗਾ ਖਾਣਾ ਦਿਓ, ਹਮੇਸ਼ਾ ਖੁਸ਼ ਰੱਖੋ, ਘਰ ਦੀ ਕੋਈ ਵੀ ਪ੍ਰਾਬਲਮ ਇਨ੍ਹਾਂ ਨਾਲ ਡਿਸਕਸ ਨਾ ਕਰੋ, ਫਾਲਤੂ ਦੀਆਂ ਫਰਮਾਇਸ਼ਾਂ ਕਰਕੇ ਇਨ੍ਹਾਂ ਦੀ ਚਿੰਤਾ ਨਾ ਵਧਾਓ ਤਾਂ ਇਹ ਛੇ ਮਹੀਨਿਆਂ ਵਿੱਚ ਠੀਕ ਹੋ ਜਾਣਗੇ।''
ਰਸਤੇ ਵਿੱਚ ਪਤੀ ਨੇ ਪਤਨੀ ਨੂੰ ਪੁੱਛਿਆ, ''ਕੀ ਕਿਹਾ ਡਾਕਟਰ ਨੇ?''



ਪਤਨੀ ਬੋਲੀ, ''ਇੱਕ ਤਰ੍ਹਾਂ ਡਾਕਟਰ ਨੇ ਵੀ ਜੁਆਬ ਹੀ ਦੇ ਦਿੱਤਾ ਹੈ।''

*********

ਰਾਕੇਸ਼, ''ਜਦ ਮੈਂ ਪੈਦਾ ਹੋਇਆ ਸੀ ਤਾਂ ਫੌਜ ਵਾਲਿਆਂ ਨੇ 21 ਤੋਪਾਂ ਚਲਾਈਆਂ ਸਨ।''
ਸੁਰੇਸ਼, ''ਕਮਾਲ ਹੈ, ਸਾਰਿਆਂ ਦਾ ਨਿਸ਼ਾਨਾ ਖੁੰਝ ਗਿਆ?''

*******

ਯਮਰਾਜ, ''ਮੈਂ ਤੇਰੀ ਜਾਨ ਲੈਣ ਆਇਆ ਹਾਂ।''
ਨੀਰਜ, ''ਲੈ ਜਾਓ। ਉਹ ਗੁਆਂਢ ਵਿੱਚ ਤਿੰਨ ਘਰ ਛੱਡ ਕੇ ਰਹਿੰਦੀ ਹੈ। ਉਸ ਦਾ ਨਾਂਅ ਚੰਪਾ ਹੈ।''

*******

ਕਮਲ, ''ਤੂੰ ਆਪਣੀ ਪਤਨੀ ਨੂੰ ਕਿਸ ਨਾਂਅ ਨਾਲ ਬੁਲਾਉਂਦਾ ਹੈਂ?''
ਰੰਜਨ, ''ਗੂਗਲ ਡਾਰਲਿੰਗ।''
ਕਮਲ, ''ਭਲਾ, ਇਹ ਕਿਹੋ ਜਿਹਾ ਨਾਂਅ ਹੈ?''
ਰੰਜਨ, ''ਕੀ ਕਰਾਂ, ਉਸ ਨੂੰ ਸਵਾਲ ਇੱਕ ਕਰਦਾ ਹਾਂ ਅਤੇ ਜਵਾਬ 100 ਮਿਲਦੇ ਹਨ।''

# ਧਾਰਮਿਕ ਪੋਥੀਆਂ ਨੂੰ ਸਤਿਕਾਰ ਨਾ ਦੇਣ ਉਤੇ ਦੋ ਵਕੀਲਾਂ ਖਿਲਾਫ ਕੇਸ ਦਰਜ

## * ਸ਼੍ਰੋਮਣੀ ਕਮੇਟੀ ਅਤੇ ਪ੍ਰਸ਼ਾਸਨਿਕ ਅਧਿਕਾਰੀ ਮੌਕੇ ਉੱਤੇ ਪੁੱਜੇ



ਕੁਰਾਲੀ, 8 ਜੂਨ (ਪੋਸਟ ਬਿਊਰੋ)- ਜ਼ਿਲਾ ਐੱਸ ਏ ਐੱਸ ਨਗਰ ਦੇ ਮਾਜਰੀ ਬਲਾਕ ਦੀ ਸਬ ਤਹਿਸੀਲ ਦੇ ਦੋ ਵਕੀਲਾਂ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਵਾਨਗੀ ਤੋਂ ਬਗੈਰ ਗੁਰਬਾਣੀ ਦੇ ਅਰਥ ਕਰਨ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਪੋਥੀਆਂ ਨੂੰ ਸਤਿਕਾਰ ਸਹਿਤ ਨਾ ਰੱਖਣ ਤੋਂ ਵਿਵਾਦ ਛਿੜ ਗਿਆ ਹੈ। ਇਸ ਸੰਬੰਧ ਵਿੱਚ ਪੁਲਸ ਨੇ ਦੋਵਾਂ ਵਕੀਲਾਂ ਖਿਲਾਫ ਕੇਸ ਦਰਜ ਕਰ ਕੇ ਅਗਲੀ ਕਰਵਾਈ ਸ਼ੁਰੂ ਕਰ ਦਿੱਤੀ ਹੈ।

ਹਰਜੀਤ ਸਿੰਘ ਹਰਮਨ, ਮੇਜਰ ਸਿੰਘ ਸੰਗਤਪੁਰਾ ਅਤੇ ਹੋਰਨਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਜਾਣਕਾਰੀ ਮਿਲੀ ਸੀ ਕਿ ਸਬ ਤਹਿਸੀਲ ਮਾਜਰੀ ਦੇ ਇੱਕ ਕੈਬਿਨ ਵਿੱਚ ਬੈਠੇ ਦੋ ਕਲੀਨਸ਼ੇਵ ਵਕੀਲਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੀਆਂ ਸੈਂਚੀਆਂ ਗੈਰ-ਸਤਿਕਾਰਤ ਢੰਗ ਨਾਲ ਰੱਖੀਆਂ ਗਈਆਂ ਹਨ। ਉਨ੍ਹਾਂ ਨੂੰ ਪੜ੍ਹਨ ਵੇਲੇ ਵਕੀਲਾਂ ਵੱਲੋਂ ਨਾ ਸਿਰ ਢੱਕੇ ਜਾਂਦੇ ਸਨ ਅਤੇ ਨਾ ਜੋੜੇ ਖੋਲ੍ਹੇ ਜਾਂਦੇ ਸਨ। ਇਸੇ ਬਾਰੇ ਸ਼੍ਰੋਮਣੀ ਕਮੇਟੀ ਨੇ ਚਰਨਜੀਤ ਸਿੰਘ ਕਾਲੇਵਾਲ ਤੇ ਗੁਰਦ-ਆਰਾ ਸ੍ਰੀ ਅੰਬ ਸਾਹਿਬ ਮੁਹਾਲੀ ਦੇ ਹੈਡ ਗ੍ਰੰਥੀ ਗੁਰਪਾਲ ਸਿੰਘ ਨੂੰ ਓਥੇ ਭੇਜਿਆ ਅਤੇ ਡੀ ਐਸ ਪੀ ਅਮਨਪ੍ਰੀਤ ਸਿੰਘ ਤੇ ਨਾਇਬ ਤਹਿਸੀਲਦਾਰ ਦੀਪਕ ਭਾਰਦਵਾਜ ਵੀ ਮੌਕੇ ਉੱਤੇ ਪਹੁੰਚੇ। ਉਨ੍ਹਾ ਨੇ ਦੇਖਿਆ ਤਾਂ ਵਕੀਲਾਂ ਦੇ ਕੈਬਿਨ ਵਿੱਚ ਗੁਰਬਾਣੀ ਦੇ ਅਨੁਵਾਦ ਕੀਤੇ ਸੈਂਕੜੇ ਪੰਨਿਆਂ ਦੇ ਬੰਡਲ ਪਏ ਸਨ। ਇਸ ਬਾਰੇ ਜਦੋਂ ਵਕੀਲਾਂ ਨੂੰ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਹਾਈ ਕੋਰਟ ਦੇ ਇੱਕ ਵਕੀਲ ਨੇ ਉਨ੍ਹਾਂ ਨੂੰ ਗੁਰਬਾਣੀ ਦੇ ਅਰਥਾਂ ਦਾ ਕੰਮ ਦਿੱਤਾ ਹੈ। ਇਸ ਦੌਰਾਨ ਅਰਥਾਂ ਸਬੰਧੀ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਕੋਈ ਪ੍ਰਵਾਨਗੀ ਨਹੀਂ ਦਿਖਾ ਸਕੇ ਤਾਂ ਮਾਜਰੀ ਪੁਲਸ ਨੇ ਜਗਤਾਰ ਸਿੰਘ ਤੀੜਾ ਅਤੇ ਜਗਤਾਰ ਸਿੰਘ ਚੰਦਪੁਰ ਦੇ ਖਿਲਾਫ ਕੇਸ ਦਰਜ ਕੀਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚਰਨਜੀਤ ਸਿੰਘ ਕਾਲੇਵਾਲ ਨੇ ਦੱਸਿਆ ਕਿ ਇਸ ਸਬੰਧੀ ਰਿਪੋਰਟ ਸ੍ਰੀ ਅਕਾਲ ਤਖਤ ਸਾਹਿਬ ਨੂੰ ਭੇਜੀ ਜਾਵੇਗੀ।

# ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਜਗਤਾਰ ਸਿੰਘ ਵੱਲੋਂ ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਤੋਂ ਸਿਰੋਪਾਉ ਲੈਣ ਤੋਂ ਨਾਂਹ



ਅੰਮ੍ਰਿਤਸਰ, 8 ਜੂਨ (ਪੋਸਟ ਬਿਊਰੋ)- ਸ੍ਰੀ ਦਰਬਾਰ ਸਾਹਿਬ ਦੇ ਵਿਵਾਦਾਂ ਵਿੱਚ ਘਿਰੇ ਰਹਿਣ ਵਾਲੇ ਹੈਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ 6 ਜੂਨ ਦੇ ਚੱਲ ਰਹੇ ਸਮਾਗਮਾਂ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਮਲਕੀਤ ਸਿੰਘ ਤੋਂ ਸਿਰੋਪਾਉ ਲੈਣ ਤੋਂ ਇਨਕਾਰ ਕਰ ਦਿੱਤਾ।

ਵਰਨਣ ਯੋਗ ਹੈ ਕਿ ਸਿੱਖ ਗੁਰਦੁਆਰਾ ਐਕਟ 1925 ਮੁਤਾਬਿਕ ਹੈਡ ਪ੍ਰੀਸਟ ਭਾਵ ਮੁੱਖ ਪੁਜਾਰੀਆਂ ਦੀ ਗਿਣਤੀ ਵਿੱਚ ਗਿਆਨੀ ਮਲਕੀਤ ਸਿੰਘ, ਗਿਆਨੀ ਜਗਤਾਰ ਸਿੰਘ ਦੇ ਬਰਾਬਰ ਦੇ ਰੁਤਬੇ ਵਾਲੇ ਹਨ। ਬੀਤੇ ਸੋਮਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਸਮਾਗਮ ਦੌਰਾਨ ਜਦ ਸ਼ਹੀਦ ਪਰਵਾਰਾਂ ਨੂੰ ਸਿਰੋਪਾਉ ਦੇਣ ਦੀ ਵਾਰੀ ਆਈ ਤਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸ੍ਰੀ ਅਕਾਲ ਤਖ਼ਤ ਦੀ ਇਤਿਹਾਸਕ ਫ਼ਸੀਲ ਦੇ ਨਾਲ ਲੱਗੇ ਸੰਗਮਰਮਰ ਦੇ ਮਸਾਂ ਦੋ ਫੁੱਟ ਉਚੇ ਜੰਗਲੇ ਨੂੰ ਟੱਪ ਕੇ ਫ਼ਸੀਲ ਅੰਦਰ ਆ ਗਏ। ਉਸ ਸਮੇਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਸਪੁੱਤਰ ਭਾਈ ਈਸ਼ਰ ਸਿੰਘ ਨੂੰ ਸਿਰੋਪਾਉ ਦਿੱਤਾ ਜਾਣਾ ਸੀ। ਜਦੋਂ ਐਡਵੋਕੇਟ ਧਾਮੀ ਫ਼ਸੀਲ ਉੱਤੇ ਆਏ ਤਾਂ ਗਿਆਨੀ ਜਗਤਾਰ ਸਿੰਘ ਨੇ ਆ ਕੇ ਹਰਜਿੰਦਰ ਸਿੰਘ ਧਾਮੀ ਦੀ ਬਾਂਹ ਫੜ ਕੇ ਉਨ੍ਹਾਂ ਨੂੰ ਫ਼ਸੀਲ ਤੋਂ ਬਾਹਰ ਖਿਚ ਲਿਆ। ਐਡਵੋਕੇਟ ਧਾਮੀ ਬਿਨਾਂ ਕੁਝ ਕਹੇ ਚੁੱਪਚਾਪ ਫ਼ਸੀਲ ਤੋਂ ਬਾਹਰ ਖੜੇ ਹੋ ਗਏ।ਇਸ ਸਮੇਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਜਨਰਲ ਸੈਕਟਰੀ ਕਰਨੈਲ ਸਿੰਘ ਪੰਜੋਲੀ ਅਤੇ ਕਈ ਮੈਂਬਰ ਵੀ ਗਿਆਨੀ ਜਗਤਾਰ ਸਿੰਘ ਵੱਲ ਦੇਖ ਰਹੇ ਸਨ, ਪਰ ਸਾਰਿਆਂ ਨੇ ਚੁੱਪ ਰਹਿਣਾ ਹੀ ਬਿਹਤਰ ਸਮਝਿਆ। ਐਡਵੋਕੇਟ ਧਾਮੀ ਨੂੰ ਫ਼ਸੀਲ ਤੋਂ ਬਾਹਰ ਖਿੱਚਣ ਪਿੱਛੋਂ ਗਿਆਨੀ ਜਗਤਾਰ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਮੱਥਾ ਟੇਕਿਆ ਦੇ ਵਾਪਸ ਜਾਣ ਲੱਗੇ ਸਨ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਮਲਕੀਤ ਸਿੰਘ ਨੇ ਸਤਿਕ-ਾਰ ਵਜੋਂ ਗਿਆਨੀ ਜਗਤਾਰ ਸਿੰਘ ਨੂੰ ਸਿਰੋਪਾਉ ਭੇਟ ਕਰਨਾ ਚਾਹਿਆ, ਪਰ ਗਿਆਨੀ ਜਗਤਾਰ ਸਿੰਘ ਨੇ ਸਿਰੋਪਾ ਵੀ ਨਹੀਂ ਲਿਆ।

# ਗੋਲਡੀ ਬਰਾੜ ਗੈਂਗ ਦਾ ਆਦਮੀ ਦੱਸ ਕੇ ਲੜਕੀ ਤੋਂ ਪੰਜ ਲੱਖ ਰੁਪਏ ਦੀ ਫਿਰੌਤੀ ਮੰਗੀ



ਫ਼ਿਰੋਜ਼ਪੁਰ, 8 ਜੂਨ (ਪੋਸਟ ਬਿਊਰੋ)- ਇਸ ਜ਼ਿਲ੍ਹੇ ਦੇ ਮਮਦੋਟ ਦੇ ਨਾਲ ਦੇ ਪਿੰਡ ਕੜਮਾਂ ਦੀ ਇੱਕ 21 ਸਾਲਾ ਲੜਕੀ ਨੂੰ ਕਿਸੇ ਅਣਜਾਣ ਆਦਮੀ ਨੇ ਵਟਸਐਪ ਕਾਲ ਕਰ ਕੇ ਖੁਦ ਨੂੰ ਗੈਂਗਸਟਰ ਗੋਲਡੀ ਬਰਾੜ ਗੈਂਗ ਦਾ ਆਦਮੀ ਦੱਸ ਕੇ ਉਸ ਤੋਂ ਪੰਜ ਲੱਖ ਦੀ ਫਿਰੌਤੀ ਮੰਗੀ ਅਤੇ ਉਸ ਨੂੰ ਅਗਵਾ ਕਰਨ ਦੀ ਧਮਕੀ ਦਿੱਤੀ ਹੈ।

ਸ਼ਿਕਾਇਤਕਰਤਾ ਲੜਕੀ ਨੇ ਪੁਲਸ ਨੂੰ ਦੱਸਿਆ ਕਿ ਉਸ ਦੇ ਮੋਬਾਈਲ ਫ਼ੋਨ ਉੱਤੇ ਇੱਕ ਨੰਬਰ ਤੋਂ ਵਟਸਐਪ ਕਾਲ ਆਈ ਅਤੇ ਕਾਲ ਕਰਨ ਵਾਲੇ ਨੇ ਖੁਦ ਨੂੰ ਗੈਂਗਸਟਰ ਗੋਲਡੀ ਬਰਾੜ ਗੈਂਗ ਦਾ ਆਦਮੀ ਦੱਸ ਕੇ ਕਿਹਾ ਕਿ ਤੈਨੂੰ ਅਗਵਾ ਕਰਨ ਦੀ ਸੁਪਾਰੀ ਲਈ ਹੈ ਅਤੇ ਤੂੰ ਦੋ ਦਿਨ ਅੰਦਰ ਪੰਜ ਲੱਖ ਰੁਪਏ ਦੀ ਦੇ ਦੇਹ, ਤਾਂ ਤੈਨੂੰ ਅਗਵਾ ਕਰ ਲਿਆ ਜਾਵੇਗਾ।ਸ਼ਿਕਾਇਤਕਰਤਾ ਅਨੁਸਾਰ ਪਹਿਲਾਂ ਉਸ ਨੇ ਸੋਚਿਆ ਕਿ ਕੋਈ ਮਜ਼ਾਕ ਕਰਦਾ ਹੋਵੇਗਾ। ਪਰ 6 ਜੂਨ ਨੂੰ ਫਿਰ ਉਸੇ ਨੰਬਰ ਤੋਂ ਉਸ ਨੂੰ ਵਟਸਐਪ ਕਾਲ ਆਈ ਤੇ ਕਾਲ ਕਰਨ ਵਾਲੇ ਨੇ ਉਸ ਨੂੰ ਧਮਕੀਆਂ ਦਿੱਤੀਆਂ।ਪੁਲਸ ਵੱਲੋਂ ਅਣਜਾਣ ਵਿਅਕਤੀ ਦੇ ਖ਼ਿਲਾਫ਼ ਮਾਮਲਾ ਦਰਜ ਕਰ ਕੇ ਉਸਦੀ ਤਲਾਸ਼ ਸ਼ੁਰੂ ਕਰ ਦਿੱਤੀ ਗਈ ਹੈ।

# ਪਾਰਲੀਮੈਂਟ ਮੈਂਬਰ ਰਵਨੀਤ ਬਿੱਟੂ ਨੂੰ ਜਾਨੋਂ ਮਾਰਨ ਦੀ ਧਮਕੀ



ਲੁਧਿਆਣਾ, 8 ਜੂਨ (ਪੋਸਟ ਬਿਊਰੋ)- ਲੁਧਿਆਣਾ ਤੋਂ ਲੋਕ ਸਭਾ ਮੈਂਬਰ ਅਤੇ ਕਾਂਗਰਸ ਆਗੂ ਰਵਨੀਤ ਸਿੰਘ ਬਿੱਟੂ ਨੂੰ ਉਨ੍ਹਾਂ ਦੇ ਫ਼ੋਨ ਉੱਤੇ ਕੁਝ ਅਣਪਛਾਤੇ ਵਿਅਕਤੀਆਂ ਨੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਹੈ।

ਇਸ ਦੀ ਪੁਸ਼ਟੀ ਕਰਦਿਆਂ ਰਵਨੀਤ ਸਿੰਘ ਬਿੱਟੂ ਦੇ ਨਿੱਜੀ ਸਹਾਇਕ ਹਰਜਿੰਦਰ ਸਿੰਘ ਢੀਂਡਸਾ ਨੇ ਦੱਸਿਆ ਕਿ ਕੱਲ੍ਹ ਸਵੇਰੇ ਬਿੱਟੂ ਦੇ ਫ਼ੋਨ ਉੱਤੇ ਕੁਝ ਵਿਅਕਤੀਆਂ ਨੇ ਜਰਨੈਲ ਸਿੰਘ ਭਿੰਡਰਾਂਵਾਲਿਆਂ ਖ਼ਿਲਾਫ਼ ਬਿਆਨਬਾਜ਼ੀ ਨਾ ਕਰਨ ਲਈ ਕਿਹਾ ਹੈ। ਉਨ੍ਹਾਂ ਦੱਸਿਆ ਕਿ ਬਿੱਟੂ ਦਾ ਫ਼ੋਨ ਉਨ੍ਹਾਂ ਕੋਲ ਸੀ ਅਤੇ ਫ਼ੋਨ ਉੱਤੇ ਗੱਲਬਾਤ ਵਿੱਚ ਇਨ੍ਹਾਂ ਲੋਕਾਂ ਨੇ ਸਿੱਧੂ ਮੂਸੇਵਾਲਾ ਤੋਂ ਬਾਅਦ ਰਵਨੀਤ ਸਿੰਘ ਬਿੱਟੂ ਨੂੰ ਜਾਨੋਂ ਮਾਰਨ ਲਈ ਕਿਹਾ ਹੈ। ਢੀਂਡਸਾ ਨੇ ਦੱਸਿਆ ਕਿ ਇਹ ਸਾਰੇ ਫ਼ੋਨ ਵਿਦੇਸ਼ਾਂ ਤੋਂ ਆਏ ਹਨ। ਉਨ੍ਹਾਂ ਦੱਸਿਆ ਕਿ ਪਹਿਲਾਂ ਸਵੇਰੇ ਇੱਕ ਨੰਬਰ ਤੋਂ ਵੱਟਸਐਪ ਕਾਲ ਆਈ, ਫਿਰ ਦੂਜੇ ਨੰਬਰ ਤੋਂ ਵੱਟਸਐਪ ਕਾਲ ਆਈ ਅਤੇ ਫਿਰ ਇੱਕ ਵੱਟਸਐਪ ਰਾਹੀਂ ਗਰੁੱਪ ਕਾਲ ਵਿੱਚ ਗੱਲ ਕਰਕੇ ਇਨ੍ਹਾਂ ਲੋਕਾਂ ਨੇ ਬਿੱਟੂ ਨੂੰ ਧਮਕੀਆਂ ਦਿੱਤੀਆਂ। ਉਨ੍ਹਾਂ ਦੱਸਿਆ ਕਿ ਸਾਰਾ ਮਾਮਲਾ ਪੁਲਸ ਕਮਿਸ਼ਨਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ। ਉਨ੍ਹਾਂ ਨੇ ਡੀ ਸੀ ਪੀ ਨੂੰ ਇਸ ਸਾਰੇ ਕੇਸ ਦੀ ਜਾਂਚ ਕਰਨ ਦੇ ਹੁਕਮ ਦਿੱਤੇ ਹਨ।


# ਸ਼੍ਰੋਮਣੀ ਕਮੇਟੀ ਹੇਠ ਚੱਲਦੇ ਵਿਦਿਆਕ ਅਦਾਰੇ ਦੇ ਮੁਲਾਜ਼ਮ ਹੜਤਾਲ ਉੱਤੇ ਬੈਠੇ




ਧਾਰੀਵਾਲ, 8 ਜੂਨ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਸਿੱਖਿਆ ਅਤੇ ਸਿੱਖੀ ਦੇ ਪ੍ਰਚਾਰ ਲਈ ਹਰ ਸਾਲ ਫ਼ੰਡ ਵੱਡੇ ਪੱਧਰ ਉੱਤੇ ਵਧਾਏ ਜਾਂਦੇ ਹਨ, ਪਰ ਸ਼੍ਰੋਮਣੀ ਕਮੇਟੀ ਹੇਠ ਚੱਲਦੇ ਵਿਦਿਅਕ ਅਦਾਰੇ ਬਾਬਾ ਅਜੈ ਸਿੰਘ ਪਬਲਿਕ ਸਕੂਲ ਤੇ ਖ਼ਾਲਸਾ ਕਾਲਜ ਦੇ ਮੁਲਾਜ਼ਮਾਂ ਨੂੰ ਘੱਟ ਤਨਖ਼ਾਹਾਂ ਦੇ ਕੇ ਉਨ੍ਹਾਂ ਦਾ ਸੋਸ਼ਣ ਕੀਤਾ ਜਾ ਰਿਹਾ ਹੈ ਜਿਸ ਦੇ ਰੋਸ ਵਜੋਂ ਪਿੱਛਲੇ 15 ਦਿਨਾਂ ਤੋਂ ਮੁਲਾਜ਼ਮਾਂ ਨੇ ਸ਼ਾਂਤਮਈ ਰੋਸ ਧਰਨਾ ਲਾਇਆ ਹੋਇਆ ਹੈ।

ਇਸ ਰੋਸ ਧਰਨੇ ਉੱਤੇ ਬੈਠੇ ਕਸ਼ਮੀਰ ਸਿੰਘ, ਜਗਜੀਤ ਸਿੰਘ, ਯੂਨੀਕ ਸਿੰਘ, ਬੀਬੀ ਅਮਨਦੀਪ ਕੌਰ ਨੇ ਦੱਸਿਆ ਕਿ ਉਚ ਅਧਿਕਾਰੀਆਂ ਵੱਲੋਂ ਦਿਵਾਏ ਭਰੋਸੇ ਪਿੱਛੋਂ ਵੀ ਇਨ੍ਹਾਂ ਮੁਲਾਜ਼ਮਾਂ ਦੀਆਂ ਮੰਗਾਂ ਉੱਤੇ ਕਾਰਵਾਈ ਨਹੀਂ ਹੋਈ, ਜਦਕਿ ਉਹ ਪਿਛਲੇ ਲੱਗਭਗ 5 ਤੋਂ 9 ਸਾਲ ਤੋਂ ਬਹੁਤ ਘੱਟ ਤਨਖ਼ਾਹ ਲੈ ਕੇ ਇਨ੍ਹਾਂ ਸੰਸਥਾਵਾਂ ਵਿੱਚ ਸੇਵਾ ਨਿਭਾਅ ਰਹੇ ਹਨ। ਇਨ੍ਹਾਂ ਮੁਲਾਜ਼ਮਾਂ ਦਾ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਹੇਠ ਚੱਲਦੇ ਬਾਕੀ ਵਿਦਿਅਕ ਅਦਾਰਿਆਂ ਦੇ ਮੁਲਾਜ਼ਮਾਂ ਵੱਲੋਂ ਧਰਨੇ ਦਿੱਤੇ ਜਾ ਰਹੇ ਹਨ, ਪਰ ਕਿਸੇ ਵੀ ਮੁਲਾਜ਼ਮ ਦੀ ਸੁਣਵਾਈ ਨਹੀਂ ਹੋ ਰਹੀ। ਇਨ੍ਹਾਂ ਸਾਰੇ ਮੁਲਾਜ਼ਮਾਂ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਬੇਨਤੀ ਹੈ ਕਿ ਜਲਦੀ ਸਾਡੀਆਂ ਮੰਗਾਂ ਪੂਰੀਆਂ ਕਰੋ, ਨਹੀਂ ਤਾਂ ਮਜ਼ਬੂਰਨ ਸਾਨੂੰ ਸੰਘਰਸ਼ ਤੇਜ਼ ਕਰਨ ਪਵੇਗਾ। ਇਸ ਬਾਰੇ ਜਦ ਸਕੂਲ ਪ੍ਰਿੰਸੀਪਲ ਮੈਡਮ ਗਗਨਪ੍ਰੀਤ ਕੌਰ ਦਾ ਕਹਿਣਾ ਹੈ ਕਿ ਚਾਰ ਜੂਨ ਦੀ ਮੀਟਿੰਗ ਮੌਕੇ ਇਨ੍ਹਾਂ ਦੀਆਂ ਮੰਗਾਂ ਉੱਤੇ ਹਮਦਰਦੀ ਨਾਲ ਵਿਚਾਰ ਕੀਤਾ ਸੀ ਅਤੇ ਜਾਇਜ਼ ਮੰਗਾਂ ਜਲਦੀ ਲਾਗੂ ਕੀਤੀਆਂ ਜਾਣਗੀਆਂ।

# ਤੇਂਦੂਆ ਫੜਨ ਲਈ ਲਾਏ ਗਏ ਪਿੰਜਰੇ ਵਿੱਚ ਜ਼ਿੰਦਾ ਕੁੱਤੇ ਰੱਖੇ



ਪਟਿਆਲਾ , 8 ਜੂਨ (ਪੋਸਟ ਬਿਊਰੋ)- ਬਨੂੜ ਦੇ ਛੱਤਬੀੜ ਜੂ ਏਰੀਆ ਵਿੱਚ ਪੰਜ ਦਿਨ ਪਹਿਲਾਂ ਤੇਂਦੂਆ ਆਉਣ ਦੇ ਬਾਅਦ ਤੋਂ ਛੱਤਬੀੜ ਦੀ ਸਕਿਓਰਿਟੀ ਹਾਈ ਅਲਰਟ ਉੱਤੇ ਹੈ। ਤੇਂਦੂਆ ਨੂੰ ਫੜਨ ਲਈ ਲਾਏ ਪਿੰਜਰੇ ਵਿੱਚ ਚਿਕਨ-ਮਟਨ ਰੱਖਣ ਦੀ ਥਾਂ ਜ਼ਿੰਦਾ ਕੁੱਤਿਆਂ ਨੂੰ ਬੰਦ ਕੀਤਾ ਗਿਆ ਹੈ, ਜੋ ਪੰਜ ਦਿਨਾਂ ਤੋਂ ਪਿੰਜਰੇ ਵਿੱਚ ਕੈਦ ਭੁੱਖ-ਪਿਆਸ ਨਾਲ ਤੜਪ ਰਹੇ ਹਨ। ਉਨ੍ਹਾਂ ਦੇ ਮੂੰਹ ਵਿੱਚੋਂ ਆਵਾਜ਼ ਤਕ ਨਹੀਂ ਨਿਕਲ ਰਹੀ। ਜੰਗਲਾਤ ਵਿਭਾਗ ਯੂਨੀਅਨ ਦੇ ਲੋਕਲ ਪ੍ਰਧਾਨ ਨੇ ਕੈਦ ਵਿੱਚ ਰੱਖੇ ਕੁੱਤਿਆਂ ਦਾ ਮਾਮਲਾ ਉਠਾਇਆ ਤਾਂ ਛੱਤਬੀੜ ਪ੍ਰਸ਼ਾਸਨ ਦੇ ਅਧਿਕਾਰੀ ਘਬਰਾ ਗਏ। ਛੱਤਬੀੜ ਜੂ ਪ੍ਰਸ਼ਾਸਨ ਦੀ ਫੀਲਡ ਡਾਇਰੈਕਟਰ ਨੇ ਕਿਹਾ ਕਿ ਤੇਂਦੂਏ ਨੂੰ ਰੋਪੜ ਰੇਂਜ ਵੱਲੋਂ ਟਰੈਪ ਕੀਤਾ ਜਾ ਰਿਹਾ ਹੈ। ਉਸ ਟੀਮ ਦੇ ਕਹਿਣ ਉੱਤੇ ਜੂ ਕਰਮਚਾਰੀ ਮਦਦ ਲਈ ਜਾਂਦੇ ਹਨ। ਯੂਨੀਅਨ ਨੇਤਾ ਨੇ ਦੱਸਿਆ ਕਿ ਚਾਰ ਪਿੰਜਰੇ ਜੂ ਵਿੱਚ ਰੱਖੇ ਹਨ ਅਤੇ ਇੱਕ ਪਿੰਜਰਾ ਜੂ ਤੋਂ ਬਾਹਰ ਘੱਗਰ ਵਾਲੀ ਸਾਈਡ ਉੱਤੇਰੱਖਿਆ ਹੈ। ਪਿੰਜਰੇ ਵਿੱਚ ਕੈਦ ਕੁੱਤੇ ਭੁੱਖ-ਪਿਆਸ ਨਾਲ ਤੜਪ ਰਹੇ ਹਨ। ਅਮਨਦੀਪ ਨੇ ਕਿਹਾ ਕਿ ਪਿੰਜਰੇ ਵਿੱਚ ਬੰਦ ਕੁੱਤਾ ਜ਼ਖਮੀ ਹੋ ਗਿਆ ਹੈ ਅਤੇ ਉਸ ਦੇ ਮੂੰਹ ਵਿੱਚੋਂ ਖ਼ੂਨ ਨਿਕਲ ਰਿਹਾ ਹੈ। ਪਿੰਜਰੇ ਵਿੱਚ ਕੈਦ ਕੁੱਤੇ ਦੀ ਕਵਰੇਜ ਕਰਨ ਦੌਰਾਨ ਛੱਤਬੀੜ ਜੂ ਦਾ ਫਾਰੈਸਟ ਗਾਰਡ ਮੌਕੇ ਉੱਤੇ ਪਹੁੰਚ ਗਿਆ ਅਤੇ ਕਹਿਣ ਲੱਗਾ ਕਿ ਉਹ ਇਸ ਦੇ ਜ਼ਿੰਮੇਵਾਰ ਨਹੀਂ ਹਨ, ਤਿੰਨ ਅਧਿਕਾਰੀ ਉਪਰ ਹਨ। ਗਾਰਡ ਨੇ ਕੈਮਰਾ ਖੋਹ ਕੇ ਕਵਰੇਜ ਕਰਨ ਤੋਂ ਮਨ੍ਹਾ ਕੀਤਾ।ਰੂਪਨਗਰ ਫਾਰੈਸਟ ਰੇਂਜ ਦੇ ਅਫਸਰ ਦਾ ਕਹਿਣਾ ਹੈ ਕਿ ਤੇਂਦੂਆ ਫੜਨ ਲਈ ਲਾਏ ਪਿੰਜਰੇ ਵਿੱਚ ਚਿਕਨ ਰੱਖਿਆ ਜਾਣਾ ਚਾਹੀਦਾ ਹੈ। ਜ਼ਿੰਦਾ ਕੁੱਤਾ ਰੱਖਣਾ ਸਹੀ ਨਹੀਂ ਹੈ। ਮੈਂ ਰੇਂਜ ਅਫਸਰ ਤੋਂ ਪੂਰੀ ਜਾਣਕਾਰੀ ਹਾਸਲ ਕਰਾਂਗਾ।







# ਖੇਤੀਬਾੜੀ ਅਫਸਰ ਵੱਲੋਂ ਪੁੱਤਰ ਨੂੰ ਜ਼ਹਿਰ ਦੇਣ ਦੇ ਬਾਅਦ ਖੁਦਕੁਸ਼ੀ

ਲੁਧਿਆਣਾ, 8 ਜੂਨ (ਪੋਸਟ ਬਿਊਰੋ)- ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਖੇਤੀਬਾੜੀ ਵਿਭਾਗ ਅਫਸਰ ਰਮਨਪ੍ਰੀਤ ਕੌਰ ਨੇ ਕੱਲ੍ਹ ਆਪਣੇ ਪੁੱਤਰ ਨੂੰ ਜ਼ਹਿਰ ਖੁਆਉਣ ਪਿੱਛੋਂ ਖੁਦ ਵੀ ਜ਼ਹਿਰ ਨਿਗਲ ਲਿਆ। ਇਹ ਘਟਨਾ ਯੂਨੀਵਰਸਿਟੀ ਦੀ ਲੈਬ ਵਿੱਚ ਵਾਪਰੀ। ਦੇਰ ਸ਼ਾਮ ਤਕ ਜਦੋਂ ਦੋਵੇਂ ਘਰ ਨਾ ਪੁੱਜੇ ਤਾਂ ਰਮਨਪ੍ਰੀਤ ਦਾ ਪਤੀ ਉਨ੍ਹਾਂ ਨੂੰ ਦੇਖਣ ਯੂਨੀਵਰਸਿਟੀ ਪੁੱਜਾ ਤਾਂ ਦੋਵੇਂ ਜਣੇ ਜ਼ਮੀਨ ਉੱਤੇ ਡਿੱਗੇ ਹੋਏ ਸਨ। ਥਾਣਾ ਪੀ ਏ ਯੂ ਦੀ ਪੁਲਸ ਵੀ ਓਥੇ ਪਹੁੰਚੀ। ਰਮਨਪ੍ਰੀਤ ਤੇ ਬੱਚੇ ਨੂੰ ਬੇਹੋਸ਼ੀ ਵਿੱਚ ਡੀ ਐਮ ਸੀ ਹਸਪਤਾਲ ਲਿਜਾਇਆ ਗਿਆ, ਪਰ ਇਲਾਜ ਦੌਰਾਨ ਦੋਵਾਂ ਦੀ ਮੌਤ ਹੋ ਗਈ।

ਐਸ ਐਚ ਓ ਨੇ ਦੱਸਿਆ ਕਿ ਰਮਨਪ੍ਰੀਤ ਕੌਰ ਮੋਗੇ ਦੀ ਵਸਨੀਕ ਸੀ ਅਤੇ ਬੱਚੇ ਦੀ ਪਛਾਣ ਉਸ ਦੇ ਪੁੱਤਰ ਦੀਪ ਸਿੰਘ (7) ਵਜੋਂ ਹੋਈ ਹੈ। ਰਮਨਪ੍ਰੀਤ ਸਥਾਨਕ ਨਿਊ ਮਾਡਲ ਟਾਊਨ ਵਿੱਚ ਆਪਣੇ ਪਤੀ ਜੀਵਨਜੋਤ ਸਿੰਘ ਨਾਲ ਰਹਿ ਰਹੀ ਸੀ। ਉਸ ਦੇ ਪਤੀ ਨੇ ਦੱਸਿਆ ਕਿ ਰਮਨਪ੍ਰੀਤ ਕਿਸੇ ਕਾਰਨ ਪ੍ਰੇਸ਼ਾਨ ਸੀ। ਲੜਕੇ ਦੀਆਂ ਸਕੂਲ ਤੋਂ ਛੁੱਟੀਆਂ ਕਾਰਨ ਅੱਜ ਕੱਲ੍ਹ ਉਹ ਉਸ ਨੂੰ ਨਾਲ ਲੈ ਜਾਂਦੀ ਸੀ। ਜੀਵਨਜੋਤ ਸਿੰਘ ਨੇ ਦੋਵਾਂ ਨੂੰ ਪੀ ਏ ਯੂ ਛੱਡਿਆ ਸੀ ਅਤੇ ਖੁਦ ਬੈਂਕ ਚਲਾ ਗਿਆ। ਇੰਸਪੈਕਟਰ ਨੇ ਦੱਸਿਆ ਕਿ ਮਹਿਲਾ ਨੇ ਪਹਿਲਾਂ ਆਪਣੇ ਲੜਕੇ ਨੂੰ ਜ਼ਹਿਰ ਦਿੱਤਾ ਤੇ ਮਗਰੋਂ ਖੁਦ ਖਾਧਾ। ਉਨ੍ਹਾਂ ਕਿਹਾ ਕਿ ਇਸ ਖੁਦਕੁਸ਼ੀ ਪਿਛਲੇ ਕਾਰਨਾਂ ਸਬੰਧੀ ਜਾਂਚ ਜਾਰੀ ਹੈ।

# ਸੀ ਡੀ ਐਸ ਦੀ ਚੋਣ ਲਈ ਭਾਰਤ ਸਰਕਾਰ ਵੱਲੋਂ ਨਿਯਮਾਂ ਵਿੱਚ ਸੋਧ

## * ਤਿੰਨਾਂ ਫੌਜਾਂ ਦੇ ਐਕਟਾਂ ਵਿੱਚ ਲੋੜੀਦੀ ਤਬਦੀਲੀ ਕੀਤੀ ਗਈ

ਨਵੀਂ ਦਿੱਲੀ, 8 ਜੂਨ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕਰ ਕੇ ਚੀਫ ਆਫ ਡਿਫੈਂਸ ਸਟਾਫ (ਸੀ ਡੀ ਐਸ) ਦੀ ਚੋਣ ਲਈ ਘੇਰਾ ਮੋਕਲਾ ਕਰ ਦਿੱਤਾ ਹੈ। ਨੋਟੀਫਿਕੇਸ਼ਨ ਅਨੁਸਾਰ ਅੱਗੇ ਤੋਂ 62 ਸਾਲ ਤੋਂ ਘੱਟ ਉਮਰ ਦੀ ਸੇਵਾ ਵਾਲਾ ਜਾਂ ਸੇਵਾਮੁਕਤ ਲੈਫਟੀਨੈਂਟ ਜਨਰਲ ਏਅਰ ਮਾਰਸ਼ਲ ਅਤੇ ਵਾਈਸ ਐਡਮਿਰਲ ਸੀ ਡੀ ਐਸ ਦੇ ਅਹੁਦੇ ਲਈ ਯੋਗ ਹੋਵੇਗਾ। ਫੌਜ, ਹਵਾਈ ਫੌਜ ਅਤੇ ਸਮੁੰਦਰੀ ਫੌਜ ਐਕਟਾਂ ਵਿੱਚ ਕੀਤੀਆਂ ਤਬਦੀਲੀਆਂ ਮੁਤਾਬਕ ਥ੍ਰੀ-ਸਟਾਰ ਅਧਿਕਾਰੀ ਅੱਗੇ ਤੋਂ ਤਿੰਨ ਫੌਜਾਂ ਦੇ ਮੌਜੂਦਾ ਮੁਖੀਆਂ ਸਣੇ ਸੀ ਡੀ ਐਸ ਬਣਨ ਦੇ ਯੋਗ ਹੋਣਗੇ।



ਪਿਛਲੇ ਸਾਲ 8 ਦਸੰਬਰ ਨੂੰ ਜਨਰਲ ਬਿਪਿਨ ਰਾਵਤ ਦੀ ਹੈਲੀਕਾਪਟਰ ਹਾਦਸੇ ਵਿੱਚ ਮੌਤ ਹੋਣ ਨਾਲ ਚੀਫ ਆਫ ਡਿਫੈਂਸ ਸਟਾਫ ਦਾ ਅਹੁਦਾ ਖਾਲੀ ਹੈ। ਨਿਯਮਾਂ ਵਿੱਚ ਤਬਦੀਲੀ ਨੂੰ ਸਰਕਾਰ ਵੱਲੋਂ ਅਗਲੇ ਚੀਫ ਆਫ ਡਿਫੈਂਸ ਸਟਾਫ ਦੀ ਨਿਯੁਕਤੀ ਦਾ ਅਮਲ ਸ਼ੁਰੂ ਕਰਨ ਵਜੋਂ ਦੇਖਿਆ ਜਾ ਰਿਹਾ ਹੈ। ਸਰਕਾਰ ਨੇ ਏਅਰ ਫੋਰਸ ਐਕਟ, ਆਰਮੀ ਐਕਟ ਅਤੇ ਨੇਵੀ ਐਕਟ ਵਿੱਚ ਤਬਦੀਲੀਆਂ ਲਈ ਵੱਖੋ-ਵੱਖਰੇ ਗਜ਼ਟ ਨੋਟੀਫਿਕੇਸ਼ਨ ਜਾਰੀ ਕਰ ਦਿੱਤੇ ਹਨ। ਏਅਰਫੋਰਸ ਐਕਟ ਦੇ ਨੋਟੀਫਿਕੇਸ਼ਨ ਮੁਤਾਬਕ ਸਰਕਾਰ ਚੀਫ ਆਫ ਡਿਫੈਂਸ ਸਟਾਫ ਦੇ ਕਾਰਜਕਾਲ ਵਿੱਚ ਲੋੜ ਮੁਤਾਬਕ ਵੱਧ ਤੋਂ ਵੱਧ 65 ਸਾਲ ਦੀ ਉਮਰ ਤਕ ਵਾਧਾ ਕਰ ਸਕਦੀ ਹੈ। ਆਰਮੀ ਐਕਟ 1950 ਅਤੇ ਨੇਵੀ ਐਕਟ 1957 ਵਿੱਚ ਵੀ ਮਿਲਦੇ-ਜੁਲਦੇ ਨੋਟੀਫਿਕੇਸ਼ਨ ਜਾਰੀ ਕੀਤੇ ਗਏ ਹਨ। ਤਿੰਨਾਂ ਫੌਜਾਂ ਦੇ ਮੁਖੀਆਂ ਦਾ ਕਾਰਜਕਾਲ ਤਿੰਨ ਸਾਲ ਦੀ ਸੇਵਾ ਜਾਂ 62 ਸਾਲ ਦੀ ਉਮਰ, ਜੋ ਵੀ ਪਹਿਲਾਂ ਹੋਵੇ, ਦਾ ਹੋਵੇਗਾ। ਇਸ ਪੱਖੋਂ ਫੌਜ, ਸਮੁੰਦਰੀ ਫੌਜ ਤੇ ਹਵਾਈ ਫੌਜ ਤੋਂ ਇਸ ਵੇਲੇ ਸੇਵਾਮੁਕਤ ਹੋਣ ਵਾਲੇ ਮੁਖੀਆਂ ਨੂੰ ਸ਼ਾਇਦ ਸੀ ਡੀ ਐਸ ਦੇ ਅਹੁਦੇ ਲਈ ਨਾ ਵਿਚਾਰਿਆ ਜਾਵੇ, ਕਿਉਂਕਿ ਇਸ ਅਹੁਦੇ ਲਈ ਯੋਗ ਉਮਰ 62 ਸਾਲ ਰੱਖੀ ਗਈ ਹੈ। ਪਿਛੇ ਜਿ ਸੇਵਾਮੁਕਤ ਸਾਬਕਾ ਕਮਾਂਡਰ-ਇਨ-ਚੀਫ ਰੈਂਕ ਦੇ ਅਫਸਰਾਂ ਨੂੰ ਉਮੀਦਵਾਰ ਵਜੋਂ ਮੌਕਾ ਮਿਲ ਸਕਦਾ ਹੈ ਕਿਉਂਕਿ ਉਨ੍ਹਾਂ ਦੀ ਸੇਵਾਮੁਕਤੀ ਉਮਰ 60 ਸਾਲ ਹੈ।

# ਬੋਰਿਸ ਜੌਹਨਸਨ ਦੀ ਕੁਰਸੀ ਬਚੀ, ਬੇਭਰੋਸਗੀ ਮਤਾ ਰੱਦ

ਲੰਡਨ, 8 ਜੂਨ (ਪੋਸਟ ਬਿਊਰੋ)- ਸਿਆਸੀ ਤੌਰ ਉੱਤੇ ਘਿਰੇ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਆਪਣੀ ਹੀ ਕੰਜ਼ਰਵੇਟਿਵਪਾਰਟੀ ਦੇ ਪਾਰਲੀਮੈਂਟ ਮੈਂਬਰਾਂ ਵੱਲੋਂ ਉਨ੍ਹਾਂ ਖਿਲਾਫ ਬੇਭਰੋਸਗੀ ਹਰਾ ਦਿੱਤਾ ਹੈ। ਉਂਝ ਇਸ ਵੋਟ ਤੋਂ ਬਾਅਦ ਸੱਤਾ ਉੱਤੇ ਜੌਹਨਸਨ ਦੀ ਪਕੜ ਕਮਜ਼ੋਰ ਹੋਈ ਹੈ ਕਿਉਂਕਿ ਪਾਰਟੀ ਅੰਦਰਲੀ ਖਿੱਚੋਤਾਣ ਉਭਰ ਕੇ ਸਾਹਮਣੇ ਆ ਗਈ ਹੈ। ਸੋਮਵਾਰ ਰਾਤ ਹੋਈ ਵੋਟਿੰਗ ਵਿੱਚ ਜੌਹਨਸਨ ਦੇ ਹੱਕ ਵਿੱਚ 211 ਪਾਰਲੀਮੈਂਟ ਮੈਂਬਰਾਂ ਨੇ ਵੋਟ ਪਾਈ, ਜਦ ਕਿ ਵਿਰੋਧ ਵਿੱਚ 148 ਵੋਟਾਂ ਪਈਆਂ। ਇਸ ਤਰ੍ਹਾਂ 63 ਵੋਟਾਂ ਦੇ ਬਹੁਮਤ ਨਾਲ ਜੌਹਨਸਨ ਨੇ ਬੇਭਰੋਸਗੀ ਮਤੇ ਵਾਲਾ ਅੜਿੱਕਾ ਪਾਰ ਕਰ ਲਿਆ ਹੈ। ਇਸ ਤੋਂ ਪਹਿਲਾਂ ਜੌਹਨਸਨ (57)



ਨੇ ਆਪਣੀ ਪਾਰਟੀ ਦੇ ਪਾਰਲੀਮੈਂਟ ਮੈਂਬਰਾਂ ਨੂੰ ਨਿੱਜੀ ਤੌਰ ਉੱਤੇ ਬੇਨਤੀਆਂ ਕਰ ਕੇ ਪ੍ਰਧਾਨ ਮੰਤਰੀ ਵਜੋਂ ਉਨ੍ਹਾਂ ਵਿੱਚ ਭਰੋਸਾ ਜ਼ਾਹਿਰ ਕਰਨ ਨੂੰ ਕਿਹਾ ਸੀ।

ਜੌਹਨਸਨ ਖਿਲਾਫ ਇਹ ਮਤਾ ਪਾਰਟੀਗੇਟ ਘੁਟਾਲੇ ਕਾਰਨ ਲਿਆਂਦਾ ਗਿਆ ਸੀ। ਉਨ੍ਹਾਂ ਉੱਤੇ ਕੋਰੋਨਾ ਨਿਯਮਾਂ ਦੀ ਉਲੰਘਣਾ ਕਰ ਕੇ ਡਾਊਨਿੰਗ ਸਟਰੀਟ ਤੇ ਹੋਰ ਸਰਕਾਰੀ ਦਫਤਰਾਂ ਵਿੱਚ ਪਾਰਟੀਆਂ ਕਾਰਨ ਦਾ ਦੋਸ਼ ਲੱਗਾ ਸੀ। ਉਨ੍ਹਾ ਨੇ ਵੋਟਿੰਗ ਤੋਂ ਬਾਅਦ ਕਿਹਾ, ‘‘ਮੈਨੂੰ ਲੱਗਦਾ ਹੈ ਕਿ ਇਹ ਸਿਆਸਤ ਤੇ ਦੇਸ਼ ਲਈ ਬਹੁਤ ਨਤੀਜਾ ਹੈ।'' ਇਸ ਫੈਸਲਾਕੁੰਨ ਵੋਟਿੰਗ ਤੋਂ ਬਾਅਦ ਅਸੀਂ ਉਨ੍ਹਾਂ ਮੁੱਦਿਆਂ ਉਤੇ ਧਿਆਨ ਦੇ ਸਕਦੇ ਹਾਂ, ਜੋ ਅਸਲ ਵਿੱਚ ਲੋਕਾਂ ਨਾਲ ਜੁੜੇ ਹੋਏ ਹਨ।

# ਪਿਤਾ ਦੀ ਦਿਖਾਈ ਦਿਸ਼ਾ ਇਨਸਾਫ ਲੈਣ ਦੇ ਲਈ ਕੰਮ ਆਈ

## * ਵਕੀਲ ਧੀ ਨੇ ਪਿਤਾ ਦੇ ਕਾਤਲਾਂ ਨੂੰ 16 ਸਾਲ ਕੇਸ ਲੜ ਕੇ ਸਜ਼ਾ ਦਿਵਾਈ

ਢਾਕਾ, 8 ਜੂਨ (ਪੋਸਟ ਬਿਊਰੋ)- ਬੰਗਲਾ ਦੇਸ਼ ਦੀ ਸ਼ਗੁਫਤਾ ਤਬੱਸੁਮ ਅਹਿਮਦ ਪੇਸ਼ੇ ਤੋਂ ਵਕੀਲ ਹੈ। ਉਸ ਨੇ 16 ਸਾਲ ਦੀ ਲੰਬੀ ਕਾਨੂੰਨੀ ਲੜਾਈ ਲੜਨ ਦੇ ਬਾਅਦ ਆਪਣੇ ਪਿਤਾ ਦੇ ਕਾਤਲਾਂ ਨੂੰ ਸਜ਼ਾ ਦਿਵਾਈ ਹੈ।

ਸ਼ਗੁਫਤਾ ਵਕਾਲਤ ਨਹੀਂ ਕਰਨਾ ਚਾਹੁੰਦੀ ਸੀ, ਪਰ ਪਿਤਾ ਦੇ ਕਹਿਣ ਉੱਤੇ ਕਾਨੂੰਨ ਦੀ ਪੜ੍ਹਾਈ ਕੀਤੀ ਸੀ। ਉਹਦੱਸਦੀ ਹੈ ਕਿ ਉਸ ਦੇ ਪਿਤਾ ਡਾਕਟਰ ਤਾਹਿਰ ਅਹਿਮਦ ਬੰਗਲਾ ਦੇਸ਼ ਵਿਚਲੇ ਰਾਜਸ਼ਾਹੀ ਜ਼ਿਲ੍ਹੇ ਦੀ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਸਨ। ਪਰਿਵਾਰ ਯੂਨੀਵਰਸਿਟੀ ਵੱਲੋਂ ਮਿਲੇ ਕੁਆਰਟਰ ਵਿੱਚ ਰਹਿੰਦਾ ਸੀ। ਸਕੂਲ ਦੀ ਪੜ੍ਹਾਈ ਖਤਮ ਹੋਣ ਦੇ ਬਾਅਦ ਉਹ ਮਾਤਾ-ਪਿਤਾ ਦੇ ਕਹਿਣ ਉੱਤੇ ਵਕਾਲਤ ਪੜ੍ਹਨ ਢਾਕਾ ਚਲੀ ਗਈ। ਭਰਾ ਸੰਜੀਦ ਮਲਟੀਨੈਸ਼ਨਲ ਕੰਪਨੀ ਵਿੱਚ ਐਚ ਆਰ ਦੀ ਨੌਕਰੀ ਕਰਨ ਚਲਾਗਿਆ। ਕਤਲ ਤੋਂ ਇੱਕ ਹਫਤਾ ਪਹਿਲਾਂ 2006 ਵਿੱਚ ਪਾਪਾ ਢਾਕਾ ਆਏ ਅਤੇ ਪਰਵਾਰ ਨੂੰ ਮਿਲ ਕੇ ਚਲੇ ਗਏ। ਇਹ ਬੈਠਕ ਉਨ੍ਹਾਂ



ਦੇ ਇੱਕ ਸਹਿਯੋਗੀ ਡਾਕਟਰ ਮੀਆਂ ਮੁਹੰਮਦ ਮੋਹਿਊਦੀਨ ਨਾਲ ਜੁੜੀ ਹੋਈ ਸੀ। ਮੋਹਿਊਦੀਨ ਪਹਿਲਾਂ ਪਿਤਾ ਦੇ ਕਰੀਬੀ ਸਨ, ਪ੍ਰੰਤੂ ਰਿਸ਼ਤੇ ਵਿੱਚ ਕੜਵਾਹਟ ਉਦੋਂ ਆਈ ਜਦੋਂ ਪਾਪਾ ਨੇ ਮੋਹਿਊਦੀਨ ਨੂੰ ਸਾਹਿਤਕ ਚੋਰੀ ਕਰਦੇ ਫੜ ਲਿਆ। ਦੋ ਫਰਵਰੀ ਨੂੰ ਉਸ ਨੇ ਪਾਪਾ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ, ਪਰ ਨਹੀਂ ਹੋ ਸਕੀ। ਤਿੰਨ ਫਰਵਰੀ ਨੂੰ ਖਬਰ ਆਈ ਕਿ ਪਾਪਾ ਦੀ ਲਾਸ਼ ਯੂਨੀਵਰਸਿਟੀ ਦੇ ਬਗੀਚੇ ਵਿੱਚ ਸੈਪਟਿਕ ਟੈਂਕ ਵਿੱਚੋਂ ਮਿਲੀ ਹੈ। ਫਿਰ ਮਾਮਲੇ ਦੀ ਜਾਂਚ ਹੋਈ ਤਾਂ ਪਤਾ ਲੱਗਾ ਕਿ ਡਾਕਟਰ ਮੋਹਿਊਦੀਨ ਨੇ ਤਿੰਨ ਜਣਿਆਂ ਨਾਲ ਮਿਲ ਕੇ ਕਤਲ ਕੀਤਾ ਸੀ। 2008 ਵਿੱਚ ਹੇਠਲੀ ਅਦਾਲਤ ਨੇ ਚਾਰ ਜਣਿਆਂ ਨੂੰ ਦੋਸ਼ੀ ਪਾਇਆ ਤੇ ਮੌਤ ਦੀ ਸਜ਼ਾ ਸੁਣਾਈ, ਪਰ ਹਾਈ ਕੋਰਟ ਨੇ 2011 ਵਿੱਚ ਮੋਹਿਊਦੀਨ ਨੂੰ ਰਿਹਾਅ ਕਰ ਦਿੱਤਾ। ਧੀ ਨੇ ਹਾਈ ਕੋਰਟ ਤੇ ਸੁਪਰੀਮ ਕੋਰਟ ਵਿੱਚ ਸਜ਼ਾ ਦਿਵਾਉਣ ਤਕ ਲੜਾਈ ਲੜੀ ਅਤੇ ਆਖਰ ਵਿੱਚ ਜਿੱਤ ਗਈ।

ਸ਼ਗੁਫਤਾ ਦੇ ਪਿਤਾ ਦੇ ਕਾਤਲ ਮੋਹਿਊਦੀਨ ਰਸੂਖਦਾਰ ਪਰਵਾਰ ਵਿੱਚ ਸੀ ਅਤੇ ਉਸ ਦੇ ਸਾਲੇ ਬੰਗਲਾ ਦੇਸ਼ ਦੇ ਇੱਕ ਪ੍ਰਭਾਵਸ਼ਾਲੀ ਨੇਤਾ ਹੋਣ ਕਾਰਨ ਉਨ੍ਹਾਂ ਨੂੰ ਸਜ਼ਾ ਦਿਵਾਉਣਾ ਬੇਹੱਦ ਮੁਸ਼ਕਲ ਸੀ। ਪੰਜ ਅਪ੍ਰੈਲ 2022 ਨੂੰ ਸੁਪਰੀਮ ਕੋਰਟ ਨੇ ਮੋਹਿਊਦੀਨ ਦੀ ਮੌਤ ਦੀ ਸਜ਼ਾ ਕਾਇਮ ਰੱਖੀ। ਪਿਤਾ ਦੇ ਕਾਤਲਾਂ ਨੂੰ ਸਜ਼ਾ ਦਿਵਾਉਣ ਤਕ ਸ਼ਗੁਫਤਾ ਨੇ ਫੈਸਲਾ ਕੀਤਾ ਕਿ ਉਹ ਉਨ੍ਹਾਂ ਵਕੀਲਾਂ ਦੀ ਮਦਦ ਕਰੇਗੀ, ਜੋ ਪਰਵਾਰਕ ਮੈਂਬਰ ਦੀ ਹੱਤਿਆ ਦੇ ਕੇਸ ਲੜ ਰਹੇ ਹਨ।

# ਨੈਸ਼ਨਲ ਹੈਰਲਡ ਮਾਮਲਾ: ਸੋਨੀਆ ਗਾਂਧੀ ਨੇ ਈ ਡੀ ਅੱਗੇ ਪੇਸ਼ ਹੋਣ ਲਈ ਹੋਰ ਸਮਾਂ ਮੰਗਿਆ

ਨਵੀਂ ਦਿੱਲੀ, 8 ਜੂਨ (ਪੋਸਟ ਬਿਊਰੋ)- ਕਾਂਗਰਸ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਨੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਅੱਗੇ ਪੇਸ਼ ਹੋਣ ਲਈ ਹੋਰ ਸਮੇਂ ਦੀ ਮੰਗ ਕੀਤੀ ਹੈ ਕਿਉਂਕਿ ਉਹ ਕੋਰੋਨਾ ਤੋਂ ਪੀੜਤ ਹਨ।

ਪਾਰਟੀ ਸੂਤਰਾਂ ਮੁਤਾਬਕ ਸੋਨੀਆ ਗਾਂਧੀ ਪਿਛਲੇ ਵੀਰਵਾਰ ਨੂੰ ਕੋਰੋਨਾ ਪਾਜ਼ੀਟਿਵ ਪਾਏ ਗਏ ਸਨ ਅਤੇ ਉਨ੍ਹਾਂ ਦੀ ਰਿਪੋਰਟ ਹਾਲੇ ਕੋਵਿਡ ਨੈਗੇਟਿਵ ਨਹੀਂ ਆਈ ਅਤੇ ਉਹ ਸਿਹਤਮੰਦ ਨਹੀਂ ਹਨ। ਵਰਨਣ ਯੋਗ ਹੈ ਕਿ ਨੈਸ਼ਨਲ ਹੈਰਲਡ ਅਖਬਾਰ ਨਾਲ ਸਬੰਧਤ ਕੇਸ ਵਿੱਚ ਕਾਲੇ ਧਨ ਨੂੰ ਸਫੈਦ ਕਰਨ ਦੇ ਦੋਸ਼ ਵਿੱਚ ਈ ਡੀ ਨੇ ਸ੍ਰੀਮਤੀ ਗਾਂਧੀ ਨੂੰ ਇਸ ਜਾਂਚ ਏਜੰਸੀ ਅੱਗੇ ਅੱਠ ਜੂਨ ਨੂੰ ਪੇਸ਼ ਹੋਣ ਲਈ ਕਿਹਾ ਸੀ। ਇਸ ਤੋਂ ਪਹਿਲਾਂ ਕਾਂਗਰਸੀ ਆਗੂਆਂ ਨੇ ਦਾਅਵਾ ਕੀਤਾ ਸੀ ਕਿ ਸ੍ਰੀਮਤੀ ਗਾਂਧੀ ਈ ਡੀ ਅੱਗੇ ਪੇਸ਼ ਹੋਣ ਲਈ ਦ੍ਰਿੜ ਸੰਕਲਪ ਹੈ। ਇਸੇ ਕੇਸ ਵਿੱਚ ਈ ਡੀ ਨੇ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੂੰ 13 ਜੂਨ ਨੂੰ ਪੁੱਛਗਿੱਛ ਲਈ ਸੱਦਿਆ ਹੈ। ਈ ਡੀ ਨੇ ਇਸ ਤੋਂ ਪਹਿਲਾਂ



ਰਾਹੁਲ ਗਾਂਧੀ ਨੂੰ ਦੋ ਜੂਨ ਨੂੰ ਜਾਂਚ ਏਜੰਸੀ ਅੱਗੇ ਪੇਸ਼ ਹੋਣ ਨੂੰ ਕਿਹਾ ਸੀ, ਪਰ ਰਾਹੁਲ ਗਾਂਧੀ ਵਿਦੇਸ਼ ਗਏ ਹੋਏ ਸਨ। ਇਸੇ ਦੌਰਾਨ ਈ ਡੀ ਦੇ ਅਧਿਕਾਰੀਆਂ ਨੇ ਦੱਸਿਆ ਕਿ ਪ੍ਰੀਵੈਨਸ਼ਨ ਆਫ ਮਨੀ ਲਾਂਡਰਿੰਗ ਐਕਟ ਹੇਠ ਸੋਨੀਆ ਤੇ ਰਾਹੁਲ ਗਾਂਧੀ ਦੇ ਬਿਆਨ ਦਰਜ ਕੀਤੇ ਜਾਣੇ ਹਨ, ਜਿਸ ਕਾਰਨ ਦੋਵਾਂ ਆਗੂਆਂ ਨੂੰ ਸੰਮਨ ਭੇਜੇ ਗਏ ਸਨ। ਦੋਵਾਂ ਆਗੂਆਂ ਤੋਂ ਕੀਤੀ ਜਾਣ ਵਾਲੀ ਪੁੱਛ-ਪੜਤਾਲ ਈ ਡੀ ਦੀ ਉਸ ਜਾਂਚ ਦਾ ਹਿੱਸਾ ਹਨ, ਜਿਸ ਰਾਹੀਂ ਪਤਾ ਲੱਗੇਗਾ ਕਿ ਪੈਸਿਆਂ ਦਾ ਲੈਣ-ਦੇਣ ਕਿਵੇਂ ਹੋਇਆ ਤੇ ਇਸ ਕੇਸ ਵਿੱਚ ਐਸੋਸੀਏਟਿਡ ਜਨਰਲਜ਼ ਲਿਮਟਿਡ (ਏ ਜੇ ਐਲ) ਦੀ ਕੀ ਭੂਮਿਕਾ ਹੈ।

# ਰਾਜ ਸਭਾ ਚੋਣਾਂ : ਸ਼ਿਵ ਸੈਨਾ ਨੇ ਆਪਣੇ ਵਿਧਾਇਕ ਫਾਈਵ ਸਟਾਰ ਹੋਟਲ ਵਿੱਚ ਪੁਚਾਏ

ਮੁੰਬਈ, 8 ਜੂਨ (ਪੋਸਟ ਬਿਊਰੋ)- ਮਹਾਰਾਸ਼ਟਰ ਵਿੱਚ ਸੱਤਾਧਾਰੀ ਸ਼ਿਵ ਸੈਨਾ ਨੇ 10 ਜੂਨ ਨੂੰ ਹੋਣ ਵਾਲੀਆਂ ਰਾਜ ਸਭਾ ਚੋਣਾਂ ਤੋਂ ਪਹਿਲਾਂ ਆਪਣੇ ਵਿਧਾਇਕਾਂ ਨੂੰ ਉਪਨਗਰੀ ਮਲਾਡ ਦੇ ਇੱਕ ਰਿਜ਼ੋਰਟ ਤੋਂ ਦੱਖਣੀ ਮੁੰਬਈ ਦੇ ਪੰਜ ਤਾਰਾ ਹੋਟਲ ਵਿੱਚ ਸ਼ਿਫਟ ਕਰਨ ਦਾ ਫੈਸਲਾ ਕੀਤਾ ਹੈ।ਪਾਰਟੀ ਦੇ ਇੱਕ ਸੀਨੀਅਰ ਨੇਤਾ ਨੇ ਕੱਲ੍ਹ ਇਹ ਗੱਲ ਦੱਸੀ।



ਉਨ੍ਹਾਂ ਦੱਸਿਆ ਕਿ ਸ਼ਿਵ ਸੈਨਾ ਦੇ ਸਾਰੇ ਵਿਧਾਇਕਾਂ ਨੂੰ ਮੁੰਬਈ ਸੱਦਿਆ ਗਿਆ ਅਤੇ ਉਹ 10 ਜੂਨ ਨੂੰ ਰਾਜ ਸਭਾ ਚੋਣਾਂ ਹੋਣ ਤਕ ਇਕੱਠੇ ਰਹਿਣਗੇ। ਸ਼ਿਵ ਸੈਨਾ ਦੇ ਵਿਧਾਇਕ ਤੇ ਬੁਲਾਰੇ ਸੁਨੀਲ ਪ੍ਰਭੂ ਨੇ ਕਿਹਾ,‘‘ਅਸੀਂ ‘ਦਿ ਰਿਟਰੀਟ' (ਉਤਰ-ਪੱਛਮੀ ਮੁੰਬਈ ਵਿੱਚ ਮਡ ਆਈਲੈਂਡ ਰਿਜ਼ੋਰਟ) ਵਿੱਚ ਸੀ ਅਤੇ ਸਾਡੇ ਸਾਰੇ ਮੰਤਰੀ ਵੀ ਉਥੇ ਸਨ। ਇਹ ਸਾਡੀ ਚੋਣ ਰਣਨੀਤੀ ਦਾ ਹਿੱਸਾ ਸੀ। ਅਸੀਂ ਕੱਲ੍ਹ ‘ਦਿ ਟ੍ਰਾਈਡੈਂਟ' ਹੋਟਲ (ਦੱਖਣੀ ਮੁੰਬਈ ਵਿੱਚ) ਜਾਵਾਂਗੇ।'' 288 ਮੈਂਬਰੀ ਸਦਨ ਵਿੱਚ ਸ਼ਿਵ ਸੈਨਾ ਦੇ 55 ਵਿਧਾਇਕ ਹਨ। ਪਾਰਟੀ ਦੇ ਇੱਕ ਵਿਧਾਇਕ ਦੀ ਪਿਛਲੇ ਮਹੀਨੇ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ।

ਦੂਜੇ ਪਾਸੇ ਰਾਜਸਥਾਨ ਵਿੱਚ 10 ਜੂਨ ਨੂੰ ਚਾਰ ਰਾਜ ਸਭਾ ਸੀਟਾਂ ਲਈ ਹੋਣ ਵਾਲੀਆਂ ਚੋਣਾਂ ਕਾਰਨ ਸੱਤਾਧਾਰੀ ਕਾਂਗਰਸ ਤੇ ਵਿਰੋਧੀ ਧਿਰ ਭਾਜਪਾ ਦੇ ਵਿਧਾਇਕਾਂ ਦੀ ਵਾੜਬੰਦੀ ਵਿਚਾਲੇ ਰਾਸ਼ਟਰੀ ਲੋਕਤੰਤਰਿਕ ਪਾਰਟੀ ਨੇ ਆਜ਼ਾਦ ਉਮੀਦਵਾਰ ਸੁਭਾਸ਼ ਚੰਦਰ ਨੂੰ ਵੋਟ ਦੇਣ ਦਾ ਐਲਾਨ ਕੀਤਾ ਹੈ।ਇਸ ਪਾਰਟੀ ਦੇ ਕਨਵੀਨਰ ਹਨੂੰਮਾਨ ਬੈਨੀਵਾਲ ਨੇ ਕਿਹਾ ਕਿ ਉਨ੍ਹਾ ਦੇ ਤਿੰਨੇ ਵਿਧਾਇਕ ਆਜ਼ਾਦ ਉਮੀਦਵਾਰ ਚੰਦਰਾ ਨੂੰ ਸਮਰਥਨਵੋਟ ਦੇਣਗੇ।ਇਸੇ ਦੌਰਾਨ ਰਾਜਸਥਾਨ ਵਿਧਾਨ ਸਭਾ ਵਿੱਚ ਸਰਕਾਰੀ ਚੀਫ਼ ਵ੍ਹਿਪ ਮਹੇਸ਼ ਜੋਸ਼ੀ ਨੇ ਰਾਜ ਸਭਾ ਵਿੱਚ ਵਿਧਾਇਕਾਂ ਦੀ ਖਰੀਦੋ-ਫਰੋਖਤ (ਹਾਰਸ ਟ੍ਰੇਡਿੰਗ) ਦਾ ਸ਼ੱਕ ਪ੍ਰਗਟਾਉਂਦੇ ਹੋਏ ਕੱਲ੍ਹ ਇੱਥੇ ਸੂਬੇ ਦੇ ਮੁੱਖ ਚੋਣ ਅਧਿਕਾਰੀ ਨੂੰ ਇੱਕ ਪੱਤਰ ਸੌਂਪਿਆ। ਜੋਸ਼ੀ ਨੇ ਇੱਥੇ ਮੁੱਖ ਚੋਣ ਅਧਿਕਾਰੀ ਪ੍ਰਵੀਨ ਗੁਪਤਾ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਪੱਤਰ ਸੌਂਪਿਆ। ਇਸ ਵਿੱਚ ਉਨ੍ਹਾਂ ਨੇ ਕਮਿਸ਼ਨ ਨੂੰ ਰਾਜ ਸਭਾ ਚੋਣਾਂ ਵਿੱਚ ਖਰੀਦੋ-ਫਰੋਖਤ ਦੀ ਕਿਸੇ ਵੀ ਸੰਭਾਵਨਾ ਨੂੰ ਖਤਮ ਕਰਨ ਦੀ ਅਪੀਲ ਕੀਤੀ ਹੈ।

# ਲਾਰੈਂਸ ਬਿਸ਼ਨੋਈ, ਹਾਸ਼ਿਮ ਬਾਬਾ ਅਤੇ ਗੋਗੀ ਗੈਂਗ ਨੂੰ ਹਥਿਆਰ ਦੇਣ ਵਾਲੇ ਫੜੇ

ਨਵੀਂ ਦਿੱਲੀ, 8 ਜੂਨ (ਪੋਸਟ ਬਿਊਰੋ)- ਬਾਹਰੀ ਉਤਰੀ ਜ਼ਿਲ੍ਹਾ ਪੁਲਸ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ, ਹਾਸ਼ਿਮ ਬਾਬਾ ਅਤੇ ਗੋਗੀ ਗੈਂਗ ਦੇ ਬਦਮਾਸ਼ਾਂ ਨੂੰ ਹਥਿਆਰ ਸਪਲਾਈ ਕਰਨ ਵਾਲੇ ਦੋ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਉਹ ਭਲਸਵਾ ਡੇਅਰੀ ਇਲਾਕੇ ਵਿੱਚ ਇੱਕ ਬਦਮਾਸ਼ ਨੂੰ ਹਥਿਆਰ ਦੇਣ ਆਏ ਸਨ। ਦੋਸ਼ੀਆਂ ਦੀ ਪਛਾਣ ਮੁਰਾਦਨਗਰ ਗਾਜ਼ੀਆਬਾਦ ਦੇ ਜੀਸ਼ਾਨ ਅਤੇ ਇਰਸ਼ਾਦ ਦੇ ਰੂਪ ਵਿੱਚ ਹੋਈ ਹੈ।ਉਨ੍ਹਾਂ ਦੇ ਕਬਜ਼ੇ ਤੋਂ ਤਿੰਨ ਪਿਸਤੌਲ ਤੇ ਸੱਤ ਕਾਰਤੂਸ ਮਿਲੇ ਹਨ। ਪੁਲਸ ਦਾ ਕਹਿਣਾ ਹੈ ਕਿ ਗ੍ਰਿਫ਼ਤਾਰ ਬਦਮਾਸ਼ਾਂ ਤੋਂ ਪੁੱਛਗਿੱਛ ਕਰਕੇ ਜਾਨਣ ਦੀ ਕੋਸ਼ਿਸ਼ ਚੱਲ ਰਹੀ ਹੈ ਕਿ ਉਹ ਕਿੰਨ੍ਹਾਂ ਬਦਮਾਸ਼ਾਂ ਨੂੰ ਹਥਿਆਰ ਪੁਚਾ ਚੁੱਕੇ ਹਨ ਅਤੇ ਇਨ੍ਹਾਂ ਵਿੱਚੋਂ ਕੋਈ ਜਣਾ ਸਿੱਧੂ ਮੂਸੇਵਾਲਾ ਕੇਸ ਵਿੱਚ ਸ਼ਾਮਲ ਤਾਂ ਨਹੀਂ ਹੈ।

ਕੱਲ੍ਹ ਪੁਲਸ ਨੂੰ ਸੂਚਨਾ ਮਿਲੀ ਕਿ ਗੈਂਗਸਟਰ ਲਾਰੈਂਸ ਬਿਸ਼ਨੋਈ, ਹਾਸਿਮ ਬਾਬਾ ਅਤੇ ਗੋਗੀ ਗੈਂਗ ਨੂੰ ਹਥਿਆਰ ਦੇਣ ਵਾਲਾ ਜੀਸ਼ਾਨ ਆਪਣੇ ਸਾਥੀ ਨਾਲ ਭਲਸਵਾ ਡੇਅਰੀ ਇਲਾਕੇ ਵਿੱਚ ਆਉਣ ਵਾਲਾ ਹੈ। ਪੁਲਸ ਨੇ ਇੱਕ ਟੀਮ ਬਣਾ ਕੇ ਇਲਾਕੇ ਦੇ ਝੰਡਾ ਚੌਕ ਉੱਤੇ ਘੇਰਾਬੰਦੀ ਕਰ ਦਿੱਤੀ।ਰਾਤ ਕਰੀਬ 1 ਵੱਜ ਕੇ 40 ਮਿੰਟ ਉੱਤੇ ਪੁਲਸ ਨੇ ਇੱਕ ਸਕੂਟੀ ਉੱਤੇ ਸਵਾਰ ਦੋ ਨੌਜਵਾਨਾਂ ਨੂੰ ਬੁਰਾੜੀ ਵੱਲੋਂ ਆਉਂਦੇ ਦੇਖਿਆ। ਪੁਲਸ ਨੇ ਉਨ੍ਹਾਂ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਓਥੇ ਪੁਲਸ ਨੂੰ ਦੇਖ ਕੇ ਸਕੂਟੀ ਚਲਾ ਰਿਹਾ ਬਦਮਾਸ਼ ਯੂ-ਟਰਨ ਕਰਕੇ ਉਥੋਂ ਭੱਜਣ ਦੀ ਕੋਸ਼ਿਸ਼ ਕਰਨ ਲੱਗਾ। ਇਸੇ ਦੌਰਾਨ ਉਨ੍ਹਾਂ ਦੀ ਸਕੂਟੀ ਡਿੱਗ ਗਈ ਅਤੇ ਪੁਲਸ ਨੇ ਦੋਨਾਂ ਬਦਮਾਸ਼ਾਂ ਨੂੰ ਦਬੋਚ ਲਿਆ।

# ਸਵਾ ਕਰੋੜ ਰੁਪਏ ਦੇ ਘਪਲੇ ਵਿੱਚ ਸਾਬਕਾ ਕ੍ਰਿਕਟਰ ਦਾ ਬਾਪ ਕਾਬੂ

ਨਵੀਂ ਦਿੱਲੀ, 8 ਜੂਨ (ਪੋਸਟ ਬਿਊਰੋ)- ਸਾਬਕਾ ਭਾਰਤੀ ਕ੍ਰਿਕਟਰ ਨਮਨ ਓਝਾ ਦੇ ਪਿਤਾ ਵੀਕੇ ਓਝਾ ਨੂੰ ਕੱਲ੍ਹ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ। ਉਸ ਉੱਤੇ ਬੈਂਕ ਮੈਨੇਜਰ ਹੁੰਦਿਆਂ 1.25 ਕਰੋੜ ਰੁਪਏ ਦੇ ਘਪਲੇ ਦੇ ਦੋਸ਼ ਹਨ। ਪੁਲਸ ਨੇ ਓਝਾ ਨੂੰ ਅਦਾਲਤ ਪੇਸ਼ ਕੀਤਾ ਤਾਂ ਅਦਾਲਤ ਨੇ ਇੱਕ ਦਿਨਾਂ ਪੁਲਸ ਰਿਮਾਂਡ ਉੱਤੇ ਭੇਜ ਦਿੱਤਾ। ਇਸ ਦੌਰਾਨ ਨਮਨ ਓਝਾ ਵੀ ਥਾਣੇ ਵਿੱਚ ਸੀ। ਉਨ੍ਹਾਂ ਨੇ ਆਪਣੇ ਪਿਤਾ ਦੀ ਜ਼ਮਾਨਤ ਦੀ ਕੋਸ਼ਿਸ਼ ਕੀਤੀ, ਪਰ ਜ਼ਮਾਨਤ ਨਹੀਂ ਮਿਲੀ।

ਸਾਲ 2013 ਵਿੱਚ ਬੈਂਕ ਆਫ਼ ਮਹਾਰਾਸ਼ਟਰ ਦੀ ਜੌਲਖੇੜਾ ਬ੍ਰਾਂਚ ਵਿੱਚ ਕਰੀਬ 1.25 ਕਰੋੜ ਰੁਪਏ ਦਾ ਘਪਲਾ ਪਤਾ ਲੱਗਾ ਸੀ। ਇਸ ਬਾਰੇ 2014 ਵਿੱਚ ਉਸ ਸਮੇਂ ਦੇ ਮੈਨੇਜਰ ਨਮਨ ਦੇ ਪਿਤਾ



ਵਿਰੁੱਧ ਧੋਖਾਧੜੀ ਅਤੇ ਹੋਰ ਧਾਰਾਵਾਂ ਦਾ ਕੇਸ ਦਰਜ ਕੀਤਾ ਗਿਆ ਸੀ। ਓਝਾ 2014 ਵਿੱਚ ਕੇਸ ਦਰਜ ਹੋਣ ਤੋਂ ਬਾਅਦ ਫਰਾਰ ਚੱਲ ਰਿਹਾ ਸੀ। ਪੁਲਸ ਪਿਛਲੇ ਅੱਠ ਸਾਲਾਂ ਤੋਂ ਉਸ ਦੀ ਭਾਲ ਕਰ ਰਹੀ ਸੀ। ਇਸ ਕੇਸ ਵਿੱਚ ਸ਼ਾਮਲ ਹੋਰ ਮੁਲਜ਼ਮਾਂ ਵਿਰੁੱਧ ਧਾਰਾ 409,420,467, 471, 120ਬੀ, 34 ਅਤੇ ਆਈ ਟੀ ਐਕਟ ਦੀਆਂ ਧਾਰਾਵਾਂ 65,66 ਤਹਿਤ ਕੇਸ ਦਰਜ ਕੀਤਾ ਗਿਆ ਹੈ। ਬਾਕੀ ਮੁਲਜ਼ਮਾਂ ਨੂੰ ਪੁਲਸ ਪਹਿਲਾਂ ਹੀ ਗ੍ਰਿਫ਼ਤਾਰ ਕਰ ਚੁੱਕੀ ਹੈ।

# ਮਮਤਾ ਨੇ ਕਿਹਾ: ਆਪਣਾ ਖ਼ੂਨ ਵਹਾ ਦੇਵਾਂਗੀ, ਬੰਗਾਲ ਦੀ ਵੰਡ ਨਹੀਂ ਹੋਣ ਦੇਵਾਂਗੀ

ਅਲੀਪੁਰਦੁਆਰ, 8 ਜੂਨ (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਕੁਝ ਨੇਤਾਵਾਂ ਵੱਲੋਂ ਪੱਛਮੀ ਬੰਗਾਲ ਤੋਂ ਵੱਖਰੇ ਰਾਜ ਦੀ ਮੰਗ ਕਰਨ ਕਰ ਕੇ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕੱਲ੍ਹ ਕਿਹਾ ਕਿ ਰਾਜ ਨੂੰ ਵੰਡਣ ਦੀਆਂ ਸਭ ਕੋਸ਼ਿਸ਼ਾਂ ਨੂੰ ਨਾਕਾਮ ਕਰਨ ਲਈ ਲੋੜ ਪੈਣ ਉੱਤੇ ਉਹ ਆਪਣਾ ਖ਼ੂਨ ਵਹਾਉਣ ਲਈ ਤਿਆਰ ਹੈ।

ਮਮਤਾ ਬੈਨਰਜੀ ਨੇ ਭਾਜਪਾ ਉੱਤੇ 2024 ਦੀਆਂ ਆਮ ਚੋਣਾਂ ਤੋਂ ਪਹਿਲਾਂ ਸੂਬੇ ਵਿੱਚ ‘ਵੱਖਵਾਦ' ਨੂੰ ਉਤਸ਼ਾਹਤ ਕਰਨ ਦੀ ਕੋਸ਼ਿਸ਼ ਦਾ ਦੋਸ਼ ਲਾਉਂਦਿਆਂ ਕਿਹਾ ਕਿ ਉਤਰੀ ਬੰਗਾਲਦੇ ਸਾਰੇ ਭਾਈਚਾਰਿਆਂ ਦੇ ਲੋਕ ਦਹਾਕਿਆਂ ਤੋਂ ਮਿਲ ਕੇ ਰਹਿ ਰਹੇ ਹਨ, ਪਰ ਭਾਜਪਾ ਲੋਕਾਂ ਨੂੰ ਵੰਡਣ ਦੀ ਕੋਸ਼ਿਸ਼ ਕਰ ਰਹੀ ਹੈ। ਪਾਰਟੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਤ੍ਰਿਣਮੂਲ ਕਾਂਗਰਸ ਦੀ ਪ੍ਰਧਾਨ ਮਮਤਾ ਬੈਨਰਜੀ ਨੇ ਕਿਹਾ,‘‘ਲੋਕ ਸਭਾ ਚੋਣਾਂ ਨੇੜੇ ਆਉਣ ਨਾਲ ਭਾਜਪਾ ਵੱਖਰੇ ਰਾਜ ਦੀ ਮੰਗ ਕਰ ਰਹੀ ਹੈ। ਕਦੇ ਭਾਜਪਾ ਗੋਰਖਾਲੈਂਡ ਦੀ ਮੰਗ ਕਰ ਰਹੀ ਹੈ, ਕਦੇ ਵੱਖਰੇ ਉਤਰੀ ਬੰਗਾਲ ਦੀ ਮੰਗ ਕਰ ਰਹੀ ਹੈ। ਲੋੜ ਪੈਣ ਉੱਤੇ ਮੈਂ ਆਪਣਾ ਖ਼ੂਨ ਵਹਾਉਣ ਲਈ ਤਿਆਰ ਹਾਂ, ਪਰ ਕਦੇ ਵੀ ਸੂਬੇ ਨੂੰ ਵੰਡਣ ਨਹੀਂ ਦੇਵਾਂਗੀ।''



ਕਾਮਤਾਪੁਰ ਲਿਬਰੇਸ਼ਨ ਆਰਗੇਨਾਈਜੇਸ਼ਨ ਦੇ ਆਗੂ ਜੀਵਨ ਸਿੰਘਾ ਦੇ ਉਸ ਵੀਡੀਓ ਦੇ ਸੰਦਰਭ ਵਿੱਚ, ਜਿਸ ਵਿੱਚ ਕਾਮਤਾਪੁਰ ਦੀ ਮੰਗ ਪੂਰੀ ਨਾ ਹੋਣ ਉੱਤੇ ਮੁੱਖ ਮੰਤਰੀ ਨੂੰ ਖ਼ੂਨ ਖ਼ਰਾਬੇ ਤੱਕ ਦੀ ਧਮਕੀ ਦਿੱਤੀ ਗਈ ਹੈ, ਮਮਤਾ ਬੈਨਰਜੀ ਨੇ ਕਿਹਾ ਕਿ ਉਹ ਅਜਿਹੀਆਂ ਧਮਕੀਆਂ ਤੋਂ ਡਰਨ ਵਾਲੀ ਨਹੀਂ। ਉਨ੍ਹਾਂ ਕਿਹਾ,‘‘ਕੁਝ ਲੋਕ ਮੈਨੂੰ ਧਮਕੀਆਂ ਦੇ ਰਹੇ ਹਨ, ਮੈਨੂੰ ਪਰਵਾਹ ਨਹੀਂ ਹੈ। ਮੈਂ ਅਜਿਹੀਆਂ ਧਮਕੀਆਂ ਤੋਂ ਨਹੀਂ ਡਰਦੀ।''

# ਈ ਡੀ ਦਾ ਪੰਜਾਬ ਦੇ ਰੀਅਲ ਐਸਟੇਟ ਗਰੁੱਪ ਉੱਤੇ ਛਾਪਾ

## * ਇੱਕ ਔਡੀ ਕਾਰ ਤੇ 85 ਲੱਖ ਰੁਪਏ ਦੀ ਨਕਦੀ ਜ਼ਬਤ



ਨਵੀਂ ਦਿੱਲੀ, 8 ਜੂਨ (ਪੋਸਟ ਬਿਊਰੋ)- ਇਨਫੋਰਸਮੈਂਸ ਡਾਇਰੈਕਟੋਰੇਟ (ਈ ਡੀ) ਨੇ ਕੱਲ੍ਹ ਘਰਾਂ ਦੇ ਖਰੀਦਦਾਰਾਂ ਨਾਲ ਕਥਿਤ ਧੋਖਾਦੇਹੀ ਨਾਲ ਜੁੜੇ ਮਨੀ ਲਾਂਡਰਿੰਗ ਦੇ ਇੱਕ ਕੇਸ ਵਿੱਚ ਪੰਜਾਬ ਦੇ ਇੱਕ ਰੀਅਲ ਐਸਟੇਟ ਗਰੁੱਪ ਉੱਤੇਛਾਪੇ ਮਾਰੇ, ਜਿਸ ਦੌਰਾਨ ਇੱਕ ਔਡੀ ਕਾਰ, 85 ਲੱਖ ਰੁਪਏ ਨਕਦ ਅਤੇ ਕਈ ਦਸਤਾਵੇਜ਼ ਜ਼ਬਤ ਕੀਤੇ ਹਨ।

ਜਾਂਚ ਏਜੰਸੀ ਨੇ ਦਸਿਆ ਕਿ 3 ਜੂਨ ਨੂੰ ਚੰਡੀਗੜ੍ਹ, ਅੰਬਾਲਾ, ਪੰਚਕੂਲਾ, ਮੋਹਾਲੀ ਅਤੇ ਦਿੱਲੀ ਵਿੱਚ 19 ਥਾਵਾਂ ਉੱਤੇ ਗੁਪਤਾ ਬਿਲਡਰਜ਼ ਐਂਡ ਪ੍ਰਮੋਟਰਜ਼ ਪ੍ਰਾਈਵੇਟ ਲਿਮਟਿਡ ਤੇ ਇਸ ਦੇ ਡਾਇਰੈਕਟਰਾਂ ਸਤੀਸ਼ ਗੁਪਤਾ ਅਤੇ ਪ੍ਰਦੀਪ ਗੁਪਤਾ ਦੇ ਨਾਲ ਹੀ ਗਰੁੱਪ ਐਸੋਸੀਏਟਸ ਬਾਜਵਾ ਡਿਵੈਲਪਰਜ਼ ਲਿਮਟਿਡ, ਕੁਮਾਰ ਬਿਲਡਰਜ਼, ਵਿਨ ਮਹਿਤਾ ਫਿਲਮਜ਼ ਪ੍ਰਾਈਵੇਟ ਲਿਮਟਿਡ ਅਤੇ ਇਸ ਦੇ ਡਾਇਰੈਕਟਰਾਂ ਜਰਨੈਲ ਸਿੰਘ ਬਾਜਵਾ, ਨਵਾਰਜ ਮਿੱਤਲ ਤੇ ਵਿਸ਼ਾਲ ਗਰਗ ਦੇ ਘਰਾਂ ਉੱਤੇ ਛਾਪੇਮਾਰੀ ਕੀਤੀ ਗਈ। ਪੰਜਾਬ ਪੁਲਸ ਨੇ ਦੋਸ਼ੀਆਂ ਵਿਰੁੱਧ ਕੇਸ ਦਰਜ ਕੀਤਾ ਸੀ, ਜਿਸ ਵਿੱਚ ਦੋਸ਼ ਲਾਇਆ ਸੀ ਕਿ ਉਨ੍ਹਾਂ ਨੇ ਵੱਖ-ਵੱਖ ਵਿਅਕਤੀਆਂ ਨਾਲ ਮਿਲੀਭੁਗਤ ਕਰ ਕੇ ਨਾ ਫਲੈਟ, ਪਲਾਟ, ਵਪਾਰਕ ਯੂਨਿਟ ਦਿੱਤੇ ਤੇ ਨਾ ਘਰਾਂ ਦੇ ਖਰੀਦਦਾਰਾਂ ਜਾਂ ਨਿਵੇਸ਼ਕਾਂ ਨੂੰ ਲੱਗਭਗ 325 ਕਰੋੜ ਰੁਪਏ ਵਾਪਸ ਕੀਤੇ ਹਨ। ਉਦੋਂ ਈ ਡੀ ਨੇ ਉਨ੍ਹਾਂ ਖ਼ਿਲਾਫ਼ ਮਨੀ ਲਾਂਡਰਿੰਗ ਦਾ ਕੇਸ ਦਰਜ ਕੀਤਾ ਸੀ। ਰਿਹਾਇਸ਼ੀ ਅਤੇ ਵਪਾਰਕ ਪ੍ਰੋਜੈਕਟਾਂ ਦੇ ਵਿਕਾਸ ਲਈ ਘਰਾਂ ਦੇ ਖਰੀਦਦਾਰਾਂ ਤੋਂ ਪ੍ਰਾਪਤ ਕੀਤੇ ਪੈਸਿਆਂ ਦਾ ਕੰਪਨੀ ਦੇ ਡਾਇਰੈਕਟਰਾਂ ਨੇ ਆਪਣੇ ਸਹਿਯੋਗੀਆਂ ਤੇ ਹੋਰਾਂ ਨਾਲ ਮਿਲ ਕੇ ਗਬਨ ਕੀਤਾ ਅਤੇ ਉਨ੍ਹਾਂ ਨਾਲ ਨਿੱਜੀ ਜਾਇਦਾਦਾਂ ਖਰੀਦੀਆਂ। ਇਨਫੋਰਸਮੈਂਟ ਡਾਇਰੈਕਟੋਰੇਟ ਨੇ ਕੱਲ੍ਹ ਕਿਹਾ ਕਿ ਉਸ ਨੇ ਠੱਗੀ ਸਕੀਮਾਂ ਨਾਲ ਸਬੰਧਤ ਮਨੀ ਲਾਂਡਰਿੰਗ ਦੇ ਸਬੰਧ ਵਿੱਚ ਤਿੰਨ ਰਾਜਾਂ ਵਿੱਚ 200 ਤੋਂ ਵੱਧ ਪਲਾਟ ਅਤੇ ਫਲੈਟ ਜ਼ਬਤ ਕੀਤੇ ਹਨ। ਇਸ ਸਕੀਮ ਦੇ ਪ੍ਰਮੋਟਰਾਂ ਉੱਤੇ ਕਈ ਨਿਵੇਸ਼ਕਾਂ ਨੂੰ ਧੋਖਾ ਦੇਣ ਦਾ ਦੋਸ਼ ਹੈ। ਜ਼ਬਤ ਕੀਤੀਆਂ ਜਾਇਦਾਦਾਂ ਆਂਧਰਾ ਪ੍ਰਦੇਸ਼, ਤੇਲੰਗਾਨਾ ਅਤੇ ਕਰਨਾਟਕ ਵਿੱਚ ਹਨ। ਈ ਡੀ ਮੁਤਾਬਕ ਇਨ੍ਹਾਂ ਜਾਇਦਾਦਾਂ ਨੂੰ ਕੁਰਕ ਕਰਨ ਲਈ ਮਨੀ ਲਾਂਡਰਿੰਗ ਰੋਕੂ ਕਾਨੂੰਨ ਦੇ ਤਹਿਤ ਆਰਜ਼ੀ ਹੁਕਮ ਜਾਰੀ ਕੀਤਾ ਗਿਆ ਸੀ।

# ਹਾਈ ਕੋਰਟ ਨੇ ਕਿਹਾ: ਇੱਕ ਟੈਸਟੀਕਲ ਹੋਣ ਉਤੇ ਨੇਵੀ ਲਈ ਅਨਫਿੱਟ ਨਹੀਂ ਠਹਿਰਾ ਸਕਦੇ

ਚੰਡੀਗੜ੍ਹ, 8 ਜੂਨ (ਪੋਸਟ ਬਿਊਰੋ)- ਇੱਕ ਟੈਸਟੀਕਲ (ਅੰਡਕੋਸ਼) ਹੋਣ ਉੱਤੇ ਨੇਵੀ ਲਈ ਮੈਡੀਕਲ ਅਨਫਿਟ ਕਰਾਰ ਦੇਣ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਗਲਤ ਠਹਿਰਾਇਆ ਹੈ।

ਜਸਟਿਸ ਜੀ ਐਸ ਸੰਧਾਵਾਲੀਆ ਅਤੇ ਜਸਟਿਸ ਵਿਕਾਸ ਸੂਰੀ ਦੀ ਬੈਂਚ ਨੇ ਕੇਂਦਰ ਸਰਕਾਰ ਦੀ ਅਪੀਲ ਰੱਦ ਕਰ ਕੇ ਕਿਹਾ ਕਿ ਨਿਯਮਾਂ ਵਿੱਚ ਇਹ ਕਿਤੇ ਨਹੀਂ ਕਿ ਇੱਕ ਟੈਸਟੀਕਲ ਨੂੰ ਕਿਸੇ ਤਰ੍ਹਾਂ ਦਾ ਸਰੀਰਕ ਅਪਾਹਜਕਿਹਾ ਜਾਏਗਾ, ਇਸ ਲਈ ਇਸ ਆਧਾਰ ਉੱਤੇ ਨੇਵੀ ਲਈ ਮੈਡੀਕਲ ਅਨਫਿਟ ਕਰਾਰ ਨਹੀਂ ਦਿੱਤਾ ਜਾ ਸਕਦਾ। ਹਾਈ ਕੋਰਟ ਦੀ ਬੈਂਚ ਨੇ ਇਸ ਸਬੰਧ ਵਿੱਚ ਸਿੰਗਲ ਬੈਂਚ ਦੇ ਫੈਸਲਾ ਸਹੀ ਮੰਨਿਆ, ਜਿਸ ਵਿੱਚ ਅਪੀਲ ਕਰਤਾ ਦੀ ਮੈਡੀਕਲ ਜਾਂਚ ਦੇ ਹੁਕਮ ਦਿੱਤੇ ਗਏ ਸਨ। ਸਿੰਗਲ ਬੈਂਚ ਨੇ ਫੈਸਲੇ ਵਿੱਚ ਕਿਹਾ ਕਿ ਉਸ ਦੀ ਮੈਡੀਕਲ ਜਾਂਚ ਚੰਡੀਗੜ੍ਹ ਵਿਚਲੇ ਪੀ ਜੀ ਆਈ ਜਾਂ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਜਾਂ ਹਿਸਾਰ ਦੇ ਕਮਾਂਡ ਹਸਪਤਾਲ ਦਾ ਮੈਡੀਕਲ ਬੋਰਡ ਬਣਾ ਕੇ ਕੀਤੀ ਜਾਏ। ਜੇ ਅਰਜ਼ੀ ਕਰਤਾ ਮੈਡੀਕਲੀ ਫਿਟ ਪਾਇਆ ਜਾਂਦਾ ਹੈ ਤਾਂ ਉਸ ਨੂੰ ਪਹਿਲੇ ਕੀਤੇ ਸਿਲੈਕਸ਼ਨ ਦਾ ਲਾਭ



ਦਿੰਦੇ ਹੋਏ ਕਾਨੂੰਨ ਮੁਤਾਬਕ ਨੌਕਰੀ ਦੇ ਯੋਗ ਮੰਨਦੇ ਹੋਏ ਟਰੇਨਿੰਗ ਲਈ ਭੇਜਿਆ ਜਾਏ।

ਕੇਂਦਰ ਸਰਕਾਰ ਨੇ ਸਿੰਗਲ ਬੈਂਚ ਦੇ ਫੈਸਲੇ ਨੂੰ ਰੱਦ ਕਰਨ ਦੀ ਮੰਗ ਕੀਤੀ ਅਤੇ ਕਿਹਾ ਸੀ ਕਿ ਸਿੰਗਲ ਬੈਂਚ ਦਾ ਫੈਸਲਾ ਸਹੀ ਨਹੀਂ, ਨੇਵੀ ਦੀ ਨੌਕਰੀ ਲਈ ਮੈਡੀਕਲ ਜਾਂਚ ਵਿੱਚ ਉਮੀਦਵਾਰ ਨੂੰ ਸਰੀਰਕ ਰੂਪ ਤੋਂ ਅਯੋਗ ਕਰਾਰ ਦਿੱਤਾ ਗਿਆ ਹੈ। ਇਸ ਲਈ ਸਟੈਂਡਰਡਜ਼ ਵਿੱਚ ਉਮੀਦਵਾਰ ਨੂੰ ਨੌਕਰੀ ਨਹੀਂ ਦਿੱਤੀ ਜਾ ਸਕਦੀ। ਵਰਨਣ ਯੋਗ ਹੈ ਕਿ ਦਿੱਲੀ ਦੇ ਉਮੀਦਵਾਰ ਨੇ ਹਾਈ ਕੋਰਟ ਦੇ ਸਿੰਗਲ ਬੈਂਚ ਕੋਲ ਪਟੀਸ਼ਨ ਦਾਇਰ ਕਰ ਕੇ ਨੇਵੀ ਦੀ ਮੈਡੀਕਲ ਜਾਂਚ ਨੂੰ ਰੱਦ ਕਰਨ ਦੀ ਮੰਗ ਕੀਤੀ ਜਿਸ ਵਿੱਚ ਉਸ ਨੂੰ ਇੱਕ ਟੈਸਟੀਕਲ ਹੋਣ ਦੇ ਆਧਾਰ ਉੱਤੇ ਮੈਡੀਕਲੀ ਅਨਫਿਟ ਮੰਨਿਆ ਗਿਆ ਹੈ।

# ਰੁਪਏ ਦੀ ਗਿਰਾਵਟ ਨਾਲ ਪ੍ਰਾਪਰਟੀ ਬਾਜ਼ਾਰ ਵਿੱਚ ਪ੍ਰਵਾਸੀ ਭਾਰਤੀਆਂ ਦੀ ਦਿਲਚਸਪੀ ਵਧੀ

ਮੁੰਬਈ, 8 ਜੂਨ (ਪੋਸਟ ਬਿਊਰੋ)- ਭਾਰਤੀ ਰੁਪਏ ਵਿੱਚ ਗਿਰਾਵਟ ਕਾਰਨ ਰੀਅਲ ਅਸਟੇਟ ਸੈਕਟਰ ਵਿੱਚ ਪ੍ਰਵਾਸੀ ਭਾਰਤੀਆਂ ਦੀ ਦਿਲਚਸਪੀ ਵਧਦੀ ਜਾ ਰਹੀ ਹੈ। ਐਨ ਆਰ ਆਈ ਹੋਮਬਾਇਰ ਦੀ ਵਧਦੀ ਦਿਲਚਸਪੀ ਮਿਡ-ਇਨਕਮ ਪ੍ਰਾਜੈਕਟਸ ਤੋਂ ਲੈ ਕੇ ਪ੍ਰੀਮੀਅਮ ਅਤੇ ਲਗਜ਼ਰੀ ਸੈਗਮੈਂਟ ਤੇ ਪਲਾਟੇਡ ਡਿਵੈਲਪਮੈਂਟਸ ਤਕ ਸਾਰੇ ਸੈਗਮੈਂਟ ਵਿੱਚ ਦੇਖੀ ਜਾ ਰਹੀ ਹੈ। 2022 ਵਿੱਚਭਾਰਤੀ ਕਰੰਸੀ ਅਮਰੀਕੀ ਡਾਲਰ ਦੇ ਮੁਕਾਬਲੇ 5.2 ਫ਼ੀਸਦੀ ਡਿੱਗ ਚੁੱਕੀ ਹੈ। ਰੀਅਲ ਅਸਟੇਟ ਉਦਯੋਗ ਸੰਸਥਾ ਨਾਰੇਡਕੋ ਦੇ ਵੀ ਸੀ ਅਤੇ ਹੀਰਾਨੰਦਾਨੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਨਿਰੰਜਨ ਹੀਰਾਨੰਦਾਨੀ ਨੇ ਕਿਹਾ ਕਿ ਦੁਨੀਆ ਵਿੱਚ ਆਰਥਿਕ ਦ੍ਰਿਸ਼ ਨੇ ਵੱਖ-ਵੱਖ ਚੁਣੌਤੀਆਂ ਨੂੰ ਜਨਮ ਦਿੱਤਾ ਹੈ, ਪਰ ਭਾਰਤ ਆਰਥਿਕ ਵਿਕਾਸ ਸਮਰੱਥਾ ਦੇ ਪੱਖ ਤੋਂ ਸੁਰੱਖਿਅਤ ਆਸਰੇ ਵਾਂਗ ਹੈ। ਭਾਰਤੀ ਰੀਅਲ ਅਸਟੇਟ ਐਨ ਆਰ ਆਈ ਲਈ ਚੰਗਾ ਧਨ ਕਮਾਉਣ ਤੇ ਵਿਕਾਸ ਦਾ ਬਦਲ ਹੈ। ਹੀਰਾਨੰਦਾਨੀ ਕਹਿੰਦੇ ਹਨ ਕਿ ਕੌਮਾਂਤਰੀ ਕਰੰਸੀ ਦੀ ਸਥਿਤੀ ਐਨ ਆਰ ਆਈ ਲਈ ਭਾਰਤੀ ਅਚੱਲ ਜ਼ਾਇਦਾਦ ਦੇ ਵਧੇਰੇ ਵਰਗ ਫੁੱਟ ਵਿੱਚ ਤਬਦੀਲ ਹੋ ਜਾਂਦੀ ਹੈ। ਇੱਕ ਬੇਯਕੀਨੇ ਸਮੇਂ ਵਿੱਚ ਇੱਕ ਸੁਰੱਖਿਅਤ ਆਸਰਾ ਹੋਣ ਤੋਂ ਇਲਾਵਾ ਉਨ੍ਹਾਂ ਦਾ ਨਿਵੇਸ਼ ਉਨ੍ਹਾਂ ਨੂੰ ਕਿਰਾਏ ਦੀ ਆਮਦਨ ਪੈਦਾ ਕਰਦਾ ਹੈ। ਕਾਨੂੰਨ ਵਿੱਚ ਪਾਰਦਰਸ਼ਤਾ ਅਤੇ ਪ੍ਰਕਿਰਿਆਵਾਂ ਦਾ ਡਿਜੀਟਲੀਕਰਨ ਨਿਵੇਸ਼ਕਾਂ ਨੂੰ ਆਪਣੇ ਵੱਲ ਆਕਰਸ਼ਤ ਕਰਦੇ ਹਨ। ਰਹੇਜਾ ਕਾਰਪ ਹੋਮਸ ਦੇ ਮੁੱਖ ਕਾਰਜਕਾਰੀ ਰਮੇਸ਼ ਰੰਗਨਾਥਨ ਕਹਿੰਦੇ ਹਨ ਕਿ ਪਿਛਲੇ ਕੁਝ ਮਹੀਨਿਆਂ ਵਿੱਚ ਕਈ ਡਿਵੈਲਪਰਸ ਲਈ ਪੁੱਛਗਿੱਛ ਤੇ ਅਸਲ ਜ਼ਾਇਦਾਦ ਦੀ ਵਿਕਰੀ ਵਿੱਚ ਸੁਧਾਰ ਹੋਇਆ ਹੈ।

# ਗੰਨ ਦੀ ਨੋਕ ਉੱਤੇ ਕਾਰ ਜੈਕਿੰਗ ਕਰਨ ਵਾਲੇ ਦੋ ਟੀਨੇਜਰ ਹਿਰਾਸਤ ਵਿੱਚ

ਪੰਨਾ 1 ਦਾ ਬਾਕੀ

ਹੈਰਿਸ ਨੇ ਆਖਿਆ ਕਿ ਇਸ ਅਰਸੇ ਦੌਰਾਨ ਇਸ ਜੋੜੇ ਨੇ ਪਟਾਕੇ ਵੇਚਣ ਵਾਲੇ ਇੱਕ ਸਟੈਂਡ ਤੋਂ ਨਕਦੀ ਵੀ ਲੁੱਟੀ ਤੇ ਪਟਾਕੇ ਵੀ ਲੁੱਟ ਲਏ।

ਜਾਂਚਕਾਰ 2 ਜੂਨ ਤੱਕ ਮਸ਼ਕੂਕਾਂ ਦਾ ਪਤਾ ਲਾਉਣ ਵਿੱਚ ਅਸਫਲ ਰਹੇ। ਪੁਲਿਸ ਨੇ ਵੱਡੇ ਪੱਧਰ ਉੱਤੇ ਇਨ੍ਹਾਂ ਮਸ਼ਕੂਕਾਂ ਦੀ ਭਾਲ ਸ਼ੁਰੂ ਕੀਤੀ ਤੇ ਦੋਵਾਂ ਮਸ਼ਕੂਕਾਂ ਨੂੰ ਹਿਰਾਸਤ ਵਿੱਚ ਲੈ ਲਿਆ। ਪੁਲਿਸ ਨੂੰ ਮੌਕੇ ਤੋਂ ਭਰੀ ਹੋਈ ਹੈਂਡਗੰਨ, ਇੱਕ ਬਣਾਉਟੀ ਹੈਂਡਗੰਨ, ਕਾਰ ਚੋਰੀ ਕਰਨ ਵਾਲੇ ਸੰਦ, ਕੱਪੜੇ ਤੇ 18 ਮਈ ਨੂੰ ਸਕਾਰਬਰੋ ਦੇ ਡਰਾਈਵਵੇਅ ਤੋਂ ਚੋਰੀ ਕੀਤੀ ਕਾਰ ਵੀ ਬਰਾਮਦ ਕੀਤੀ।

ਹੈਰਿਸ ਨੇ ਆਖਿਆ ਕਿ ਜਿਹੜੀਆਂ ਗੱਡੀਆਂ ਚੋਰੀ ਕੀਤੀਆਂ ਗਈਆਂ ਉਹ ਬਹੁਤੀਆਂ ਮਹਿੰਗੀਆਂ



ਤਾਂ ਨਹੀਂ ਸਨ ਪਰ ਉਨ੍ਹਾਂ ਦੀ ਵਰਤੋਂ ਹੋਰਨਾਂ ਜੁਰਮਾਂ ਨੂੰ ਅੰਜਾਮ ਦੇਣ ਲਈ ਕੀਤੀ ਜਾ ਸਕਦੀ ਸੀ। ਚਾਰ ਹੋਰ ਗੱਡੀਆਂ ਸਕਾਰਬਰੋ ਵਿੱਚ ਵੱਖ ਵੱਖ ਲੋਕੇਸ਼ਨਾਂ ਉੱਤੇ ਲਾਵਾਰਿਸ ਖੜ੍ਹੀਆਂ ਮਿਲੀਆਂ।

ਟੋਰਾਂਟੋ ਵਾਸੀ ਟਿਲਿਕ ਜੋਨਜ਼ ਖਿਲਾਫ 44 ਚਾਰਜਿਜ਼ ਲਾਏ ਗਏ ਹਨ ਜਦਕਿ 17 ਸਾਲਾ ਲੜਕੇ, ਯੂਥ ਕ੍ਰਿਮੀਨਲ ਜਸਟਿਸ ਐਕਟ ਤਹਿਤ ਜਿਸ ਦਾ ਨਾਂ ਉਜਾਗਰ ਨਹੀਂ ਕੀਤਾ ਜਾ ਸਕਦਾ, ਖਿਲਾਫ 56 ਚਾਰਜਿਜ਼ ਲਾਏ ਗਏ ਹਨ।

# ਦੱਖਣੀ ਅਫਰੀਕਾ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ੀ ਗੁਪਤਾ ਭਰਾ ਦੁਬਈ ਤੋਂ ਗ੍ਰਿਫ਼ਤਾਰ

ਜੋਹਾਨਸਬਰਗ, 8 ਜੂਨ, (ਪੋਸਟ ਬਿਊਰੋ)- ਦੱਖਣੀ ਅਫਰੀਕਾਵਿੱਚ ਬਹੁ-ਚਰਚਿਤ ਸਿਆਸੀ ਭ੍ਰਿਸ਼ਟਾਚਾਰ ਵਾਲੇਕੇਸਵਿੱਚ ਲੋੜੀਂਦੇ ਭਾਰਤੀ ਮੂਲ ਦੇ ਕਾਰੋਬਾਰੀ ਰਾਜੇਸ਼ (51) ਤੇ ਅਤੁਲ ਗੁਪਤਾ (53) ਨੂੰ ਦੁਬਈ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਗੁਪਤਾ ਭਰਾਵਾਂ ਦੇ ਭ੍ਰਿਸ਼ਟਾਚਾਰ ਖ਼ਿਲਾਫ਼ ਆਮ ਲੋਕਾਂ ਵੱਲੋਂ ਕੀਤੇ ਵਿਰੋਧ-ਮੁਜ਼ਾਹਰਿਆਂ ਪਿੱਛੋਂ ਉਸ ਵਕਤ ਦੇ ਰਾਸ਼ਟਰਪਤੀ ਜੈਕਬ ਜ਼ੁਮਾ ਨੂੰ ਆਪਣੀ ਕੁਰਸੀ ਛੱਡਣੀ ਪਈ ਸੀ।

ਮੂਲ ਰੂਪਵਿੱਚ ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਦੇ ਵਾਸੀ ਰਾਜੇਸ਼ ਤੇ ਅਤੁਲ ਦੋਵਾਂ ਭਰਾਵਾਂ ਖ਼ਿਲਾਫ਼ ਇੰਟਰਪੋਲ ਨੇ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਹੋਇਆ ਸੀ। ਇਨ੍ਹਾਂ ਦੇ ਇਕ ਹੋਰ ਭਰਾ ਅਜੈ ਗੁਪਤਾ (56) ਦੀ ਗ੍ਰਿਫ਼ਤਾਰੀ ਦਾਅਜੇ ਤੱਕਪਤਾ ਨਹੀਂ।ਇਨ੍ਹਾਂ ਉੱਤੇ ਦੋਸ਼ ਹੈ ਕਿ ਰਾਸ਼ਟਰਪਤੀ ਜੈਕਬ ਜ਼ੁਮਾ (80) ਦੇ ਰਾਜ ਵੇਲੇਇਨ੍ਹਾਂ ਨੇ ਦੱਖਣੀ ਅਫਰੀਕਾ ਦੇ ਸਰਕਾਰੀ ਅਦਾਰਿਆਂ ਨਾਲ ਅਰਬਾਂ ਰੈਂਡ (ਅਫਰੀਕੀ ਕਰੰਸੀ) ਦਾ ਘੁਟਾਲਾ ਕੀਤਾ ਸੀ।ਗੁਪਤਾ ਭਰਾਵਾਂ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਵਿਰੋਧੀ ਧਿਰ ਡੈਮੋਕ੍ਰੇਟਿਕ ਅਲਾਇੰਸ ਨੇ ਗੁਪਤਾ ਭਰਾਵਾਂ ਦੀ ਗ੍ਰਿਫ਼ਤਾਰੀ ਦਾ ਸਵਾਗਤ ਕੀਤਾ ਤੇ ਸੱਤਾਧਾਰੀ ਅਫਰੀਕਨ ਨੈਸ਼ਨਲ ਪਾਰਟੀ ਨੇ ਦੋਵਾਂ ਦੀ ਛੇਤੀ ਹਵਾਲਗੀ ਦੀ ਅਪੀਲ ਕੀਤੀ ਹੈ।ਕਿਹਾ ਜਾਂਦਾ ਹੈ ਕਿ ਇਨ੍ਹਾਂ ਗੁਪਤਾ ਭਰਾਵਾਂ ਨੇ ਦੱਖਣੀ ਅਫਰੀਕਾਦੇ ਸਾਬਕਾ ਰਾਸ਼ਟਰਪਤੀ ਜ਼ੁਮਾ ਨਾਲ ਆਪਣੇ ਨੇੜਦੀ ਵਰਤੋਂ ਆਰਥਿਕ



ਲਾਭਲੈਣ ਲਈ ਉੱਚੇ ਅਹੁਦਿਆਂ ਉੱਤੇ ਨਿਯੁਕਤੀਆਂ ਵਿੱਚ ਕੀਤੀ ਸੀ।ਜੈਕਬ ਜ਼ੁਮਾ ਸਾਲ 2009-18 ਤੱਕ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਸਨ। ਭ੍ਰਿਸ਼ਟਾਚਾਰ ਦੀ ਜਾਂਚ ਚੱਲਦੇ ਸਾਰ 2018ਵਿੱਚ ਗੁਪਤਾ ਭਰਾ ਦੱਖਣੀ ਅਫਰੀਕਾ ਤੋਂ ਦੁਬਈ ਖਿਸਕ ਗਏ ਸਨ।ਫਿਰਰੋਸ ਮੁਜ਼ਾਹਰਿਆਂ ਕਾਰਨ ਅਫਰੀਕੀ ਨੈਸ਼ਨਲ ਕਾਂਗਰਸ (ਏਐੱਨਸੀ) ਨੇ ਜੈਕਬ ਜ਼ੁਮਾ ਨੂੰ ਰਾਸ਼ਟਰਪਤੀ ਅਹੁਦੇ ਤੋਂ ਹਟਾ ਕੇ ਉਸ ਦੀ ਥਾਂ ਸਿਰਿਲ ਰਾਮਫੋਸਾ ਨੂੰ ਕਾਰਜਕਾਰੀ ਰਾਸ਼ਟਰਪਤੀ ਬਣਾ ਦਿੱਤਾ ਸੀ। ਹਵਾਲਗੀ ਸਮਝੌਤਾ ਨਾ ਹੋਣ ਕਾਰਨ ਗੁਪਤਾ ਭਰਾਵਾਂ ਦੀ ਗ੍ਰਿਫ਼ਤਾਰੀ ਬਾਰੇ ਯੂ ਏ ਈ ਨਾਲ ਗੱਲਬਾਤ ਦੇ ਨਤੀਜੇ ਨਾ ਨਿਕਲਣ ਉੱਤੇ ਦੱਖਣੀ ਅਫਰੀਕਾ ਨੇ ਯੂ ਐੱਨ ਓ ਤੋਂ ਮਦਦ ਮੰਗੀ ਅਤੇ ਜੂਨ 2021ਵਿੱਚ ਸਮਝੌਤੇਪਿੱਛੋਂਉਨ੍ਹਾਂ ਦੀ ਹਵਾਲਗੀ ਦੀ ਪ੍ਰਕਿਰਿਆ ਸ਼ੁਰੂ ਹੋਈ ਸੀ। ਕਈ ਗਵਾਹਾਂ ਨੇ ਜ਼ੁਮਾ ਦੇ ਨੌਂ ਸਾਲਾ ਰਾਜਵਿੱਚ ਹੋਏ ਵੱਡੇ ਘੁਟਾਲੇ ਤੇ ਕੈਬਨਿਟ ਮੰਤਰੀਆਂ ਦੀ ਨਿਯੁਕਤੀਵਿੱਚ ਗੁਪਤਾ ਭਰਾਵਾਂ ਦਾ ਹੱਥ ਹੋਣ ਦੀ ਗਵਾਹੀ ਦਿੱਤੀ ਤੇ ਟੈਕਸ ਚੋਰੀ ਬਾਰੇ ਸੰਗਠਨ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਵੇਨ ਡੁਵੇਨਹੇਜ ਨੇ ਦੱਸਿਆਹੈ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਦੱਖਣੀ ਅਫਰੀਕਾ ਵਿੱਚੋਂ ਭੱਜਣ ਤੋਂ ਪਹਿਲਾਂ ਗੁਪਤਾ ਭਰਾਵਾਂ ਨੇ ਕਰੀਬ 15 ਅਰਬ ਰੈਂਡ (ਕਰੀਬ 7600 ਕਰੋੜ ਰੁਪਏ) ਦੀ ਗ਼ੈਰ ਕਾਨੂੰਨੀ ਕਮਾਈ ਕੀਤੀ ਸੀ।

ਸਹਾਰਨਪੁਰ ਵਾਸੀ ਗੁਪਤਾ ਪਰਿਵਾਰ ਨੇ 1990 ਦਹਾਕੇ ਦੇ ਸ਼ੁਰੂਵਿੱਚ ਦੱਖਣੀ ਅਫਰੀਕਾ ਪਹੁੰਚ ਕੇ ਜੁੱਤੀਆਂ ਦੀ ਦੁਕਾਨ ਖੋਲ੍ਹੀ ਸੀ, ਪਰ ਛੇਤੀ ਹੀ ਆਈਟੀ, ਮੀਡੀਆ ਤੇ ਮਾਈਨਿੰਗ ਖੇਤਰਵਿੱਚ ਕਾਰੋਬਾਰ ਵਧਾ ਲਿਆ ਸੀ। ਅੱਜਕੱਲ੍ਹ ਇਨ੍ਹਾਂਵਿੱਚੋਂ ਵਧੇਰੇ ਕਾਰੋਬਾਰ ਜਾਂ ਵਿਕ ਚੁੱਕੇ ਹਨ ਜਾਂ ਬੰਦ ਹੋ ਚੁੱਕੇ ਹਨ।ਦੁਬਈ ਪੁਲਿਸ ਦੇ ਮੁਤਾਬਕ ਇੰਟਰਪੋਲ ਵੱਲੋਂ ਜਾਰੀ ਨੋਟਿਸ ਉੱਤੇ ਗੁਪਤਾ ਭਰਾਵਾਂ ਦੀ ਗ੍ਰਿਫ਼ਤਾਰੀ ਹੋਈ ਅਤੇ ਦੋਵਾਂ ਨੂੰ ਦੱਖਣੀ ਅਫਰੀਕਾ ਨੂੰ ਸੌਂਪਣ ਦੀ ਕਾਰਵਾਈ ਚੱਲ ਰਹੀ ਹੈ। ਇੰਟਰਪੋਲ ਦੀ ਅਗਵਾਈ ਇਸ ਵੇਲੇ ਅਮਰੀਕਾ ਕੋਲ ਹੈ। ਰੈੱਡ ਨੋਟਿਸ ਸੰਸਾਰ ਪੱਧਰ ਉੱਤੇ ਲੋੜੀਂਦੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਸਬੰਧੀ ਕਾਨੂੰਨ ਇਨਫੋਰਸਮੈਂਟ ਏਜੰਸੀਆਂ ਨੂੰ ਚੌਕਸ ਕਰਨ ਲਈ ਜਾਰੀ ਕੀਤਾ ਜਾਂਦਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Marriage

# Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







## ਫੋਨਾਂ ਦੇ ਸਸਤੇ ਪਲਾਨ ਗਾਂਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ, ਕੱਦ 5 ਫੁੱਟ 8 ਇੰਚ, ਉਮਰ 33 ਸਾਲ, ਗੋਰਾ ਰੰਗ, ਕਲੀਨ ਸ਼ੇਵਨ ਲਈ ਇਕ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ, ਜੋ ਕਿ ਕੈਨੇਡਾ ਵਿਚ ਰਹਿੰਦੀ ਹੋਵੇ। ਲੜਕਾ ਇਟਲੀ ਦਾ ਸਿਟੀਜਨ ਹੈ ਅਤੇ ਅੱਜਕੱਲ੍ਹ ਕੈਨੇਡਾ ਵਿਚ ਵਰਕ ਪਰਮਿਟ ਉਤੇ ਕੰਮ ਕਰ ਰਿਹਾ ਹੈ। ਸੰਪਰਕ:- 647-449-6746 (ਰਮਨੀਕ), ਈ ਮੇਲ - info4ramnik@yahoo.ca

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013




## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:

647-927-2049

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## Change of Name

**I, Kartik, son of Ramesh Kumar**, holder of Indian Passport No. K7301321, issued at Delhi, on 18/10/2012, permanent resident of Plot No. 4G Fourth Floor Birch Street Malibu Town, Sohna Road, Sector-47 Gurugram, Haryana, 122018, and presently residing at 19 Farthingale Crescent Brampton, ON L7A 1R3, do hereby change my name from **Kartik to Kartik Patpatia** with immediate effect." **Kartik Patpatia** Call: (705) 868-2818

## ਕੇਅਰ ਗਿਵਰ ਦੀ ਲੋੜ

ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ




# ਚੱਢਾ ਮੋਬਾਈਲ ਹਾਊਸ ਵਾਲਿਆਂ ਦੇ ਘਰ ਕੰਮ ਵਾਲੀ ਲੜਕੀ ਦੀ ਸ਼ੱਕੀ ਹਾਲਾਤ ਵਿੱਚ ਮੌਤ

ਜਲੰਧਰ, 8 ਜੂਨ (ਪੋਸਟ ਬਿਊਰੋ)- ਫਗਵਾੜਾ ਗੇਟ ਦੇ ਮਸ਼ਹੂਰ ਚੱਢਾ ਮੋਬਾਈਲ ਹਾਊਸ ਦੇ ਮਾਲਕ ਦੇ ਆਦਰਸ਼ ਨਗਰ ਵਾਲੇ ਘਰਕੰਮ ਕਰਦੀ ਨਾਬਾਲਗ ਲੜਕੀ ਦੀ ਸੋਮਵਾਰ ਰਾਤ ਸ਼ੱਕੀ ਹਾਲਾਤ ਵਿੱਚ ਮੌਤ ਹੋ ਗਈ। ਥਾਣਾ ਦੋ ਦੀ ਪੁਲਸ ਨੇ ਮ੍ਰਿਤਕ ਨਾਬਾਲਗ ਲੜਕੀ ਦੀ ਭੂਆ ਦੇ ਬਿਆਨ ਉੱਤੇ ਧਾਰਾ 174 ਦੇ ਤਹਿਤ ਕਾਰਵਾਈ ਕਰ ਕੇ ਜਾਂਚ ਸੁਰੂ ਕਰ ਦਿੱਤੀ ਹੈ ਅਤੇ ਮ੍ਰਿਤਕ ਲੜਕੀ ਦੇ ਘਰਦਿਆਂ ਨੂੰ ਯੂ ਪੀ ਤੋਂ ਬੁਲਾਇਆ ਗਿਆ ਹੈ।

ਮਿਲੀ ਜਾਣਕਾਰੀ ਮੁਤਾਬਕ ਜਲੰਧਰ ਦੇ ਮੋਬਾਈਲ ਕਾਰੋਬਾਰੀ ਚੱਢਾ ਮੋਬਾਈਲ ਹਾਊਸ ਦੇ ਮਾਲਕ ਵਿਸ਼ਾਲ ਚੱਢਾ ਦੇ ਘਰ ਕੰਮ ਕਰਨ ਵਾਲੀ ਨਾਬਾਲਗ ਲੜਕੀ ਅੰਜਲੀ ਪੁੱਤਰੀ ਰਾਕੇਸ਼ ਵਾਸੀ ਜ਼ਿਲਾ ਬਹਿਰਾਈਚ, ਯੂ ਪੀ ਨੂੰ ਏਥੇ ਉਸ ਦੀ ਭੂਆ ਨੇ ਕੰਮ ਉੱਤੇ ਲਵਾਇਆ ਸੀ। ਲੜਕੀ ਉਥੇ ਵੱਖ ਕਮਰੇ ਵਿੱਚ ਰਹਿੰਦੀ ਸੀ। ਉਸ ਦੇ ਗਲੇ ਵਿੱਚ ਰੱਸੀ ਦੇ ਨਿਸ਼ਾਨ ਤੋਂ ਲੱਗਦਾ ਸੀ ਕਿ ਗਲਾ ਘੁੱਟਣ ਨਾਲ ਉਸ ਦੀ ਮੌਤ ਹੋਈ ਹੈ। ਮ੍ਰਿਤਕ ਲੜਕੀ ਨੂੰ ਸਿਵਲ ਹਸਪਤਾਲ ਲਿਆਂਦਾ ਗਿਆ ਤਾਂ ਡਾਕਟਰਾਂ ਨੇ ਪੁਲਸ ਨੂੰ ਇਸ ਦੀ ਸੂਚਨਾ ਦਿੱਤੀ।ਥਾਣਾ ਨੰਬਰ ਦੋ ਦੇ ਐਸ ਐਚ ਓ ਨੇ ਦੱਸਿਆ ਕਿ ਸ਼ੁਰੂ ਦੀ ਜਾਂਚ ਦੌਰਾਨ ਵਿਸ਼ਾਲ ਚੱਢਾ ਨੇ ਦੱਸਿਆ ਕਿ ਅੰਜਲੀ ਨੂੰ ਇੱਕ ਸਾਲ ਪਹਿਲਾਂ ਉਸ ਦੀ ਭੂਆ ਨੀਤੂ ਵਾਸੀ ਸੁਦਾਮਾ ਵਿਹਾਰ ਜਲੰਧਰ ਉਨ੍ਹਾਂ ਦੇ ਘਰ ਛੱਡ ਗਈ ਸੀ। ਨੀਤੂ ਨੇ ਉਨ੍ਹਾਂ ਨੂੰ ਦੱਸਿਆ ਕਿ ਲੜਕੀ ਬਹੁਤ ਗਰੀਬ ਹੈ, ਉਹ ਆਪਣਾ ਕੋਲ ਘਰ ਰੱਖ ਲੈਣ, ਇੱਕ ਤਾਂ ਕੰਮ ਸਿੱਖ ਲਵੇਗੀ ਤੇ ਦੂਸਰਾ ਉਸ ਦਾ ਚੰਗੀ ਤਰ੍ਹਾਂ ਪਾਲਣ-ਪੋਸ਼ਣ ਹੋ ਜਾਏਗਾ। ਥਾਣਾ ਮੁਖੀ ਮੁਤਾਬਕ ਜਦ ਉਨ੍ਹਾਂ ਨੂੰ ਸੂਚਿਤ ਕੀਤਾ ਗਿਆ, ਤਦ ਤਕ ਅੰਜਲੀ ਦੀ ਮੌਤ ਨੂੰ ਦੋ ਢਾਈ ਘੰਟੇ ਹੋ ਚੁੱਕੇ ਸਨ।

